http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਲੋਕ-ਅਵਾਜ਼

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ

ਜਿਲਦ 3, ਅੰਕ 9 | ਸਹਿਯੋਗ ਰਾਸ਼ੀ 5 ਰੁ | ਸਤੰਬਰ 2009

## ਕਹਿਣੀ ਅਤੇ ਕਰਨੀ ਵਿਚਾਲੇ ਜ਼ਮੀਨ ਅਸਮਾਨ ਦਾ ਅੰਤਰ

15 ਅਗਸਤ ਨੂੰ, ਆਪਣੇ ਅਜ਼ਾਦੀ ਦਿਵਸ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਬੜੀ ਨੇਕ-ਦਿਲੀ ਨਾਲ ਐਲਾਨ ਕੀਤਾ ਕਿ "ਅਸੀਂ ਸੋਕੇ ਦਾ ਮੁਕਾਬਲਾ ਕਰਨ ਲਈ ਕਿਸਾਨਾਂ ਨੂੰ ਹਰ ਸੰਭਵ ਮੱਦਦ ਦੇਵਾਂਗੇ"। ਉਸਨੇ ਇਹ ਵੀ ਐਲਾਨ ਕੀਤਾ ਕਿ "ਇਹ ਸਾਡੀ ਹਾਰਦਿਕ ਕਾਮਨਾ ਹੈ ਕਿ ਹਿੰਦੋਸਤਾਨ ਦਾ ਕੋਈ ਇੱਕ ਵੀ ਨਾਗਰਕ ਭੁੱਖਾ ਨਾ ਰਹੇ"।

ਲੇਕਿਨ, ਹਕੀਕਤ ਪ੍ਰਧਾਨ ਮੰਤਰੀ ਦੀਆਂ ਇਨ੍ਹਾਂ ਨੇਕ ਕਾਮਨਾਵਾਂ ਦੇ ਬਿਲਕੁੱਲ ਉਲਟ ਹੈ। ਅੱਜ ਸਾਡੇ ਲੱਖਾਂ ਹੀ ਮਜਦੂਰਾਂ ਅਤੇ ਕਿਸਾਨਾਂ ਨੂੰ ਭੁੱਖਮਰੀ ਅਤੇ ਇੱਕ ਬੇਹੱਦ ਅਨਿਸਚਤ ਭਵਿੱਖ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਵੱਡੀ ਗਿਣਤੀ 'ਚ ਮਜਦੂਰ ਆਪਣੀਆਂ ਨੌਕਰੀਆਂ ਗੁਆ ਬੈਠੇ ਹਨ, ਜਦਕਿ ਕੰਮ ਕਰ ਰਹੇ ਮਜਦੂਰਾਂ ਨੂੰ ਵਾਧੂ ਕੰਮ ਦਾ ਭਾਰੀ ਬੋਝ ਉਠਾਉਣਾ ਪੈ ਰਿਹਾ ਹੈ ਅਤੇ ਖਾਧ ਵਸਤਾਂ ਦੀ ਲੱਕ-ਤੋੜ ਮਹਿੰਗਾਈ ਝੱਲਣੀ ਪੈ ਰਹੀ ਹੈ। ਕਿਸਾਨਾਂ ਦਾ ਜੀਵਨ ਅਸੁਰੱਖਿਅਤ ਅਤੇ ਭਵਿੱਖ ਅਨਿਸਚਤ ਹੈ। ਵਪਾਰ ਦੇ ਉਦਾਰੀਕਰਣ ਦੇ ਪਰਿਣਾਮਾਂ, ਵੱਡੀਆਂ ਕੰਪਣੀਆਂ ਵਲੋਂ ਜ਼ਮੀਨਾਂ ਤੇ ਕਬਜ਼ਿਆਂ ਅਤੇ ਵਿਸ਼ਾਲ ਵਪਾਰੀ ਕੰਪਣੀਆਂ ਵਲੋਂ ਪਰਚੂਨ ਬਜ਼ਾਰ 'ਚ ਘੁਸਣ ਤੋਂ ਇਲਾਵਾ, ਕਿਸਾਨਾਂ ਨੂੰ ਇਸ ਸਾਲ ਵਿਆਪਕ ਸੋਕੇ ਦੀ ਮਾਰ ਵੀ ਝੱਲਣੀ ਪੈ ਰਹੀ ਹੈ। **ਬਾਕੀ ਸਫਾ 5 'ਤੇ**

## ਲੇਬਰ ਬਿਊਰੋ ਨੇ ਮੰਨਿਆਂ ਕਿ ਭਾਰੀ ਗਿਣਤੀ 'ਚ ਨੌਕਰੀਆਂ ਖਤਮ ਹੋਈਆਂ ਹਨ

ਲੇਬਰ ਅਤੇ ਰੋਜ਼ਗਾਰ ਮੰਤਰਾਲੇ ਦੇ ਲੇਬਰ ਬਿਊਰੋ ਨੇ ਮੰਨਿਆਂ ਹੈ ਕਿ ਵਿੱਤੀ ਵਰ੍ਹੇ 2009-10 ਦੇ ਪਹਿਲੇ ਤਿੰਨ ਮਹੀਨਿਆਂ (ਅਪ੍ਰੈਲ ਤੋਂ ਜੂਨ 2009) ਦੇ ਦੁਰਾਨ, ਬਹੁਤ ਵੱਡੀ ਗਿਣਤੀ 'ਚ ਨੌਕਰੀਆਂ ਖਤਮ ਹੋ ਗਈਆਂ ਹਨ।

ਸੰਸਦ ਦੀ ਮੌਨਸੂਨ ਰੁੱਤ ਦੀ ਬੈਠਕ ਦੁਰਾਨ, ਲੇਬਰ ਮਨਿਸਟਰੀ ਨੇ, ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਰੋਜ਼ਗਾਰ ਵਧ ਰਿਹਾ ਹੈ। ਲੇਕਿਨ ਲੇਬਰ ਬਿਊਰੋ ਵਲੋਂ ਜਾਰੀ ਕੀਤੇ ਗਏ ਅੰਕੜੇ **ਬਾਕੀ ਸਫਾ 8 'ਤੇ**

## ਮਨੀਪੁਰ ਵਿੱਚ ਕੇਂਦਰ ਦੀ ਸੰਪ੍ਰਗ ਸਰਕਾਰ ਦੀ ਦਹਿਸ਼ਤਵਾਦੀ ਨੀਤੀ

ਮਨੀਪੁਰ 'ਚ ਸੰਪ੍ਰਗ ਸਰਕਾਰ ਦੀ ਨੀਤੀ ਸੰਬੰਧੀ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਇਹ ਸ਼ਰ੍ਹੇਆਮ ਸਰਕਾਰੀ ਅੱਤਵਾਦ ਦੇ ਜ਼ਰੀਏ ਤੇ ਵਿਅਕਤੀਗਤ ਅੱਤਵਾਦੀ ਹਰਕਤਾਂ ਨੂੰ ਭੜਕਾ ਕੇ, ਉਸ ਰਾਜ ਦੇ ਬਹਾਦਰ ਲੋਕਾਂ ਦੀ ਏਕਤਾ ਅਤੇ ਸੰਘਰਸ਼ ਨੂੰ ਦਬਾਉਣ ਦੀ ਨੀਤੀ ਹੈ। ਇਹ ਸਨਮਾਨ ਦੇ ਲਈ, ਜੀਉਣ ਦੇ ਹੱਕ ਦੇ ਲਈ, ਰੁਜ਼ਗਾਰ ਦੇ ਹੱਕ ਦੇ ਲਈ, ਆਪਣੇ ਸਾਧਨਾਂ ਦੀ ਰੱਖਿਆ ਦੇ ਲਈ, ਹਿੰਦੁਸਤਾਨੀ ਰਾਜ ਵੱਲੋਂ ਪੈਰਾਂ ਹੇਠ ਦਬਾਏ ਗਏ ਆਪਣੇ ਰਾਸ਼ਟਰੀ ਹੱਕਾਂ ਦੇ ਲਈ ਚਲ ਰਹੇ, ਉਥੇ ਦੀ ਜਨਤਾ ਦੇ ਸੰਘਰਸ਼ ਨੂੰ ਦਬਾਉਣ ਦੀ ਨੀਤੀ ਹੈ।

ਜਦ 23 ਜੁਲਾਈ, 2009 ਨੂੰ ਇੰਡੀਅਨ ਰਿਜ਼ਰਵ ਬਟਾਲੀਅਨ ਦੇ ਸਿਪਾਹੀਆਂ ਨੇ ਇਕ ਨੌਜਵਾਨ ਤੇ ਇਕ ਗਰਭਵਤੀ ਔਰਤ ਦੀ ਹੱਤਿਆ ਕੀਤੀ ਸੀ, ਤਾਂ ਉਸ ਤੋਂ ਬਾਅਦ ਮਨੀਪੁਰ 'ਚ ਲੋਕ ਵੱਡੀ ਗਿਣਤੀ 'ਚ ਇਸ ਦਾ ਵਿਰੋਧ ਕਰ ਰਹੇ ਹਨ। ਇਸ 'ਚ ਸਾਰੇ ਤਬਕਿਆਂ ਦੇ ਲੋਕ ਨਿਕਲ ਰਹੇ ਹਨ, ਔਰਤਾਂ, ਨੌਜਵਾਨ, ਸਕੂਲੀ ਵਿਦਿਆਰਥੀ ਤੇ ਅਲੱਗ-ਅਲੱਗ ਖੇਤਰਾਂ ਦੇ ਮਿਹਨਤਕਸ਼ ਲੋਕ। ਘਾਟੀ ਤੇ ਪਰਬਤੀ ਇਲਾਕਿਆਂ ਦੇ ਲੋਕ ਇਸ 'ਚ ਇਕਜੁਟ ਹਨ। ਲੋਕ ਇਹ ਮੰਗ ਕਰ ਰਹੇ ਹਨ ਕਿ ਇਨ੍ਹਾਂ ਹੱਤਿਆਵਾਂ ਲਈ ਜ਼ਿੰਮੇਵਾਰ ਸਿਪਾਹੀਆਂ ਤੇ ਉਨ੍ਹਾਂ ਨੂੰ ਆਸਰਾ ਦੇਣ ਵਾਲਿਆਂ, ਖਾਸ ਕਰਕੇ **ਬਾਕੀ ਸਫਾ 15 'ਤੇ**



## ਵਧਦੀ ਮਹਿੰਗਾਈ ਬਾਰੇ ਸਰਕਾਰ ਵਲੋਂ ਕੁੱਝ ਵੀ ਨਾ ਕਰਨ ਦੇ ਮੁਜ਼ਰਮਾਨਾ ਰਵੱਈਏ ਦੀ ਨਿਖੇਧੀ ਕਰੋ!

# ਇੱਕ ਸਰਬ-ਵਿਆਪੀ ਸਰਵਜਨਕ ਵਿਤਰਣ ਵਿਵਸਥਾ ਦੀ ਪੁਰਜ਼ੋਰ ਮੰਗ ਉਠਾਓ!

ਚਾਵਲ, ਕਣਕ, ਦਾਲਾਂ, ਖੰਡ ਅਤੇ ਸਬਜ਼ੀਆਂ ਦੀਆਂ ਲਗਾਤਾਰ ਅਸਮਾਨੇ ਚੜ੍ਹ ਰਹੀਆਂ ਕੀਮਤਾਂ ਦੇ ਮੱਦੇ-ਨਜ਼ਰ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ 8 ਅਗਸਤ ਦਾ ਇਹ ਬਿਆਨ ਕਿ "ਲੋਕਾਂ ਨੂੰ ਹੋਰ ਵਧੇਰੇ ਮਹਿੰਗਾਈ ਲਈ ਤਿਆਰ ਰਹਿਣਾ ਚਾਹੀਦਾ ਹੈ", ਇੱਕ ਬਹੁਤ ਹੀ ਦਿੱਲ ਕੰਬਾਊ ਬਿਆਨ ਹੈ। ਆਪਣੀ ਏਸ ਚੇਤਾਵਨੀ ਦੇ ਕਾਰਨ ਦੀ ਵਿਆਖਿਆ ਕਰਦਿਆਂ, ਉਸ ਕਿਹਾ ਕਿ ਦੇਸ਼ ਦੇ 141 ਜਿਲ੍ਹਿਆਂ ਅੰਦਰ ਸੋਕੇ ਵਾਲੀ ਹਾਲਤ ਹੈ ਅਤੇ ਸੌਣੀ ਦੀਆਂ ਫਸਲਾਂ ਹੇਠ ।ਕ੍ਰੋੜ 50 ਲੱਖ ਏਕੜ ਰਕਬੇ ਦੀ ਕਮੀ ਹੈ। ਇਹ ਕੋਈ ਧਰਵਾਸ ਦੁਆਉਣ ਵਾਲੀ ਗੱਲ ਨਹੀਂ ਕਿ ਪ੍ਰਧਾਨ ਮੰਤਰੀ ਅਤੇ ਖੇਤੀ ਮੰਤਰੀ ਏਸ ਨਤੀਜੇ ਤੇ ਪਹੁੰਚੇ ਹਨ ਕਿ ਮਹਿੰਗਾਈ ਹੋਰ ਵੀ ਵਧੇਗੀ। ਨਾ ਹੀ ਉਨ੍ਹਾਂ ਦੇ ਇਸ ਖੋਖਲੇ ਵਾਅਦੇ ਨਾਲ ਕਿਸੇ ਨੂੰ ਤਸੱਲੀ ਮਿਲਦੀ ਹੈ ਕਿ "ਅਸੀਂ ਕਿਸੇ ਵੀ ਹਾਲਤ ਵਿੱਚ ਨਾਗਰਿਕਾਂ ਨੂੰ ਭੁੱਖੇ ਨਹੀਂ ਮਰਨ ਦਿਆਂਗੇ!"

ਅਜੇਹਾ ਪਹਿਲੀ ਬਾਰ ਨਹੀਂ ਹੈ ਕਿ ਲੋਕਾਂ ਤੇ ਆਈ ਆਫ਼ਤ ਨੂੰ ਸਰਕਾਰੀ ਤੌਰ ਤੇ ਏਨੀ ਦੇਰ ਬਾਅਦ ਮੰਨਿਆਂ ਜਾ ਰਿਹਾ ਹੈ। ਇਸ ਬਿਪਤਾ ਨਾਲ ਨਿਪਟਣ ਲਈ ਜੋ ਵਾਅਦੇ ਕੀਤੇ ਜਾ ਰਹੇ ਹਨ ਉਹ ਵੀ ਪਹਿਲਾਂ ਦੀ ਤਰ੍ਹਾਂ ਹੀ ਬਿਲਕੁੱਲ ਖੋਖਲੇ ਹਨ, ਅਤੇ ਇਨ੍ਹਾਂ ਨੂੰ ਪੂਰੇ ਕਰਨ ਦਾ ਕੋਈ ਇਰਾਦਾ ਨਜ਼ਰ ਨਹੀਂ ਆਉਂਦਾ। ਇਹ ਸੱਚਾਈ ਹਰ ਕੋਈ ਜਾਣਦਾ ਹੈ ਕਿ ਆਪਣੇ ਦੇਸ ਅੰਦਰ, ਖੇਤੀ ਦੀ ਚੰਗੀ ਪੈਦਾਵਾਰ ਲਈ ਚੰਗੀ ਬਰਸਾਤ ਨਹਾਇਤ ਜਰੂਰੀ ਹੁੰਦੀ ਹੈ ਅਤੇ ਚੌਲਾਂ, ਕਣਕ, ਦਾਲਾਂ, ਤੇਲ ਬੀਜ਼ਾਂ, ਗੰਨੇ, ਪਿਆਜ਼ ਅਤੇ ਆਲੂ ਵਰਗੀਆਂ ਫਸਲਾਂ ਦੀ ਬਿਜਾਈ ਵਿੱਚ, ਥੋੜ੍ਹੀ ਜਿਹੀ ਵੀ ਕਮੀ ਦੇ ਸੰਦੇਹ ਨਾਲ ਹੀ ਕੀਮਤਾਂ ਅਸਮਾਨ ਛੂਹਣ ਲੱਗਦੀਆਂ ਹਨ, ਕਿਉਂਕਿ ਵੱਡੇ ਪੈਮਾਨੇ ਤੇ ਜ਼ਖੀਰੇਬਾਜ਼ੀ ਅਤੇ ਸੱਟੇਬਾਜ਼ੀ ਸੁਰੂ ਹੋ ਜਾਂਦੀ ਹੈ। ਤਦ ਵੀ, ਸਰਕਾਰ ਨੇ ਹਾਲੇ ਤਕ, ਲੋਕਾਂ ਨੂੰ ਚੇਤਾਵਨੀ ਦੇਣ ਤੋਂ ਸਿਵਾ, ਬਦਤਰ ਹੋ ਰਹੀ ਹਾਲਤ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਇਲਾਵਾ, ਸਰਕਾਰ ਨੇ 28 ਜੁਲਾਈ ਨੂੰ ਸੰਸਦ ਅੰਦਰ ਏਸ ਮੁੱਦੇ ਉਤੇ ਚਰਚਾ ਲਈ, ਵਿਰੋਧੀ ਧਿਰ ਦੀ ਮੰਗ ਵੀ ਠੁਕਰਾ ਦਿੱਤੀ ਸੀ।

ਇਸ ਹਾਲਤ ਨੂੰ ਲਾਪ੍ਰਵਾਹੀ ਨਾਲ ਏਸ ਹੱਦ ਤੱਕ ਪਹੁੰਚ ਜਾਣ ਦੇਣਾ, ਸਰਕਾਰ ਦਾ ਇੱਕ ਵੱਡਾ ਜ਼ੁਰਮ ਹੈ, ਕਿਉਂਕਿ ਮੁਨਾਸਬ ਭਾਅ ਤੇ ਖਾਣ ਵਾਲੀਆਂ ਸਮੱਗਰੀਆਂ ਲੋਕਾਂ ਲਈ ਮੁਹੱਈਆ ਕਰਨਾ ਸਰਕਾਰ ਦਾ ਇੱਕ ਮੁੱਖ ਕੰਮ ਹੋਣਾ ਚਾਹੀਦਾ ਹੈ। ਕੋਈ ਵੀ ਸਰਕਾਰ ਜੋ ਲੋਕਾਂ ਦੀ ਭਲਾਈ ਨੂੰ ਮਹੱਤਵਪੂਰਨ ਮੰਨਦੀ ਹੈ, ਉਹਦੇ ਲਈ ਅਜੇਹਾ ਕਰਨਾ ਕੋਈ ਮੁਸ਼ਕਲ ਕੰਮ ਨਹੀਂ ਹੈ, ਕਿਓਂਕਿ ਉਹਦੇ ਹੱਥਾਂ 'ਚ ਏਨੇ ਅਪਾਰ ਸਾਧਨ ਮੌਜੂਦ ਹਨ। ਜੇਕਰ ਘਰੇਲੂ ਪੈਦਾਵਾਰ ਅਤੇ ਪੁਰਾਣਾ ਜਮ੍ਹਾ ਅਨਾਜ ਭੰਡਾਰ ਚੋਖਾ ਨਹੀਂ ਹੈ ਤਾਂ ਥੁੜ੍ਹੋਂ ਨੂੰ ਦਰਾਮਦਾਂ ਨਾਲ ਪੂਰਾ ਕੀਤਾ ਜਾ ਸਕਦਾ ਹੈ। ਖਾਣ ਵਾਲੀਆਂ ਵਸਤਾਂ ਵਿੱਚ ਵਪਾਰੀਆਂ ਵਲੋਂ ਵਾਅਦਾ-ਬਜ਼ਾਰੀ ਅਤੇ ਜ਼ਖੀਰੇਬਾਜ਼ੀ ਕਾਰਨ ਕੀਮਤਾਂ, ਪਿਛਲੇ 3-4 ਸਾਲਾਂ ਤੋਂ ਲਗਾਤਾਰ ਵਧਦੀਆਂ ਰਹੀਆਂ ਹਨ। ਅੱਜ ਦਾਲਾਂ ਦੀ ਕੀਮਤ 100 ਰੁਪਏ ਕਿਲੋ ਹੈ, ਖੰਡ 40 ਰੁਪਏ ਕਿਲੋ ਹੈ, ਅਤੇ ਕੋਈ ਵੀ ਸਬਜ਼ੀ 30 ਰੁਪਏ ਕਿਲੋ ਤੋਂ ਥੱਲੇ ਨਹੀਂ ਹੈ। ਤਦ ਵੀ, ਕੇਂਦਰ ਸਰਕਾਰ ਜਿਮੇਵਾਰੀ ਤੋਂ ਆਪਣੇ ਹੱਥ ਧੋਕੇ ਸਾਰਾ ਦਾਰੋਮਦਾਰ ਸੂਬਾਈ ਸਰਕਾਰਾਂ ਤੇ ਸੁੱਟ ਰਹੀ ਹੈ। ਖੇਤੀ ਮੰਤਰੀ ਨੇ ਐਲਾਨ ਕੀਤਾ ਹੈ ਕਿ "ਜੇਕਰ ਸੂਬਾਈ ਸਰਕਾਰਾਂ, ਜ਼ਖੀਰੇਬਾਜ਼ਾਂ ਅਤੇ ਸੱਟੇਬਾਜ਼ਾਂ ਦੇ ਖਿਲਾਫ ਕਾਰਵਾਈ ਨਹੀਂ ਕਰਦੀਆਂ ਤਾਂ ਕੇਂਦਰ ਸਰਕਾਰ ਮਹਿੰਗਾਈ ਤੇ ਕਾਬੂ ਨਹੀਂ ਪਾ ਸਕੇਗੀ"।

ਵਰਤਮਾਨ ਜਮਹੂਰੀਅਤ ਦਾ ਇਹ ਇੱਕ ਫਰੇਬ ਹੈ ਕਿ ਪਿਛਲੀਆਂ ਆਮ ਚੋਣਾਂ ਵਿੱਚ, ਕਰੀਬ-ਕਰੀਬ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੇ, ਜਰੂਰੀ ਵਸਤਾਂ ਦੀ ਮਹਿੰਗਾਈ ਦਾ ਮੁੱਦਾ ਉਠਾਇਆ ਸੀ। ਕਾਂਗਰਸ ਪਾਰਟੀ ਸਮੇਤ ਕਈਆਂ ਨੇ, ਗਰੀਬੀ ਰੇਖਾ ਤੋਂ ਥੱਲੇ ਦੇ ਪ੍ਰੀਵਾਰਾਂ ਨੂੰ ਅਨਾਜ 3 ਰੁਪਏ ਜਾਂ 2 ਰੁਪਏ ਜਾਂ 1 ਰੁਪਏ ਕਿਲੋ ਦੇਣ ਦਾ ਵਾਅਦਾ ਕੀਤਾ ਸੀ। ਐਪਰ, ਮਈ ਵਿੱਚ ਨਵੀਂ ਸਰਕਾਰ ਬਣਨ ਤੋਂ ਲੈਕੇ ਅਗਸਤ ਦੇ ਅੱਧ ਤਕ, 3 ਰੁਪਏ ਕਿਲੋ ਕਣਕ ਜਾਂ ਚਾਵਲ ਦੇਣ ਦਾ ਇਹ ਵਾਅਦਾ ਪੂਰਾ ਕੀਤੇ ਜਾਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਹਨ।

ਸਰਕਾਰ ਵਲੋਂ ਵਾਅਦਾ ਕੀਤੀ ਗਈ "ਭੋਜਨ ਸੁਰੱਖਿਆ" ਦੀ ਵੀ ਅਸਲੀਅਤ ਨੂੰ ਸਮਝਣ ਦੀ ਜਰੂਰਤ ਹੈ। 1997 ਵਿੱਚ ਸਰਵਜਨਕ ਵਿਤਰਣ ਪ੍ਰਣਾਲੀ (ਪੀ.ਡੀ.ਐਸ.) ਦੀ ਥਾਂ ਲਕਸ਼ਤ ਸਰਵਜਨਕ ਵਿਤਰਣ ਪ੍ਰਣਾਲੀ (ਟੀ.ਪੀ.ਡੀ.ਐਸ.) ਲਿਆਂਦੀ ਗਈ ਸੀ। ਇਹਦੇ ਤਹਿਤ ਸਮੁੱਚੀ ਅਬਾਦੀ ਨੂੰ, ਯੋਜਨਾ ਕਮਿਸ਼ਨ ਵਲੋਂ ਨਿਰਧਾਰਤ ਗਰੀਬੀ ਰੇਖਾ ਦੇ ਅਧਾਰ ਤੇ, ਗਰੀਬੀ ਰੇਖਾ ਤੋਂ ਥੱਲੇ (ਬੀ.ਪੀ.ਐਲ.) ਅਤੇ ਗਰੀਬੀ ਰੇਖਾ ਤੋਂ ਉੱਪਰ (ਏ.ਪੀ.ਐਲ.) ਸ਼੍ਰੇਣੀਆਂ ਵਿੱਚ ਵੰਡ ਦਿੱਤਾ ਗਿਆ ਸੀ। ਸਰਕਾਰ ਦੀ ਕੋਸ਼ਿਸ਼ ਰਹੀ ਹੈ ਕਿ ਇਸ ਪ੍ਰੀਭਾਸ਼ਾ ਨੂੰ ਏਨਾ ਤੰਗ ਕਰ ਦਿੱਤਾ ਜਾਵੇ ਕਿ ਗਰੀਬੀ ਰੇਖਾ ਤੋਂ ਥੱਲੇ ਵਾਲਿਆਂ ਨੂੰ ਵੀ, ਕਿਸੇ ਨਾ ਕਿਸੇ ਬਹਾਨੇ ਹੇਠ, ਬੀ.ਪੀ.ਐਲ. ਕਾਰਡ ਤੋਂ ਵੰਚਿਤ ਰੱਖਿਆ ਜਾ ਸਕੇ। ਇਸ ਵਿਸ਼ੇ ਬਾਰੇ ਅਧਿਅਨਾਂ ਤੋਂ ਪਤਾ ਲੱਗਦਾ ਹੈ ਕਿ ਵੱਖ-ਵੱਖ ਸੱਭ ਤੋਂ ਗਰੀਬ ਸੂਬਿਆਂ ਵਿੱਚੋਂ ਜਿਆਦਾਤਰ ਵਿੱਚ, 2001 ਰੁਪਏ ਮਾਸਕ ਆਮਦਨ ਵਾਲੇ ਹਜ਼ਾਰਾਂ ਹੀ ਪ੍ਰੀਵਾਰਾਂ ਨੂੰ, ਗਰੀਬੀ ਰੇਖਾ ਤੋਂ ਉੱਪਰ ਘੋਸ਼ਿਤ ਕਰ ਦਿੱਤਾ ਗਿਆ ਹੈ, ਅਤੇ ਰਾਸ਼ਣ ਪ੍ਰਣਾਲੀ ਤੋਂ ਉਨ੍ਹਾਂ ਨੂੰ ਜਰੂਰੀ ਅਨਾਜਾਂ, ਚੀਨੀ, ਤੇਲ ਅਤੇ ਬਾਲਣ, ਆਦਿ ਤੋਂ ਵੰਚਿਤ ਕਰ ਦਿੱਤਾ ਹੈ।

ਭੋਜਨ ਸੁਰੱਖਿਆ ਕਨੂੰਨ ਮੁਤੱਲਕ, ਉਪਭੋਗਤਾ ਮਾਮਲਿਆਂ ਦੇ ਕੇਂਦਰੀ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਇੱਕ ਸੰਕਲਪ ਨੋਟ ਵਿੱਚ, ਇਸ ਕਨੂੰਨ ਦੇ ਉਦੇਸ਼ ਦਾ ਖੁਲਾਸਾ ਇਵੇਂ ਕੀਤਾ ਗਿਆ ਹੈ: "ਦੇਸ਼ ਦੇ ਸੱਭ ਨਾਗਰਿਕਾਂ ਨੂੰ, ਖਾਸਕਰ ਬੀ.ਪੀ.ਐਲ. ਪ੍ਰੀਵਾਰਾਂ ਨੂੰ, ਭੋਜਨ ਸੁਰੱਖਿਆ ਪ੍ਰਦਾਨ ਕਰਨ ਲਈ, ਇੱਕ ਰਾਸ਼ਟਰੀ ਭੋਜਨ ਸੁਰੱਖਿਆ ਕਨੂੰਨ ਬਣਾਉਣ ਦੀ ਤਜਵੀਜ਼ ਰੱਖੀ ਜਾ ਰਹੀ ਹੈ"। ਟੀ.ਪੀ.ਡੀ.ਐਸ. ਦਾ ਤਜਰਬਾ ਅਤੇ ਇਸ ਨੋਟ ਅੰਦਰ ਅੱਗੇ ਹੋਰ ਵਿਆਖਿਆ ਤੋਂ ਪਤਾ ਲੱਗਦਾ

ਹੈ ਕਿ ਕਨੂੰਨ ਦੇ ਮੁਤਾਬਕ, ਸਿਰਫ ਬੀ.ਪੀ.ਐਲ. ਪ੍ਰੀਵਾਰਾਂ ਨੂੰ 25 ਤੋਂ 35 ਕਿਲੋਗ੍ਰਾਮ ਅਨਾਜ ਅਤੇ ਕੁਛ ਮੋਟਾ ਅਨਾਜ (ਜਿਸ ਦੀ ਮਿਕਦਾਰ ਅਜੇ ਮਿੱਥੀ ਜਾਣੀ ਹੈ) 2 ਰੁਪਏ ਕਿਲੋ ਦੇ ਹਿਸਾਬ ਨਾਲ ਮੁਹੱਈਆ ਕੀਤਾ ਜਾਵੇਗਾ। ਇਸ ਸੱਚਾਈ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਗਿਆ ਹੈ ਕਿ ਪ੍ਰੀਵਾਰ ਅੰਦਰ ਪਲ਼ਦੇ ਬੱਚੇ, ਗਰਭਵਤੀ ਅਤੇ ਦੁੱਧ ਚੁੰਘਾਉਂਦੀਆਂ ਮਾਵਾਂ ਅਤੇ ਰੋਜ਼ਾਨਾ 10 ਘੰਟੇ ਤੋਂ ਵਧੇਰੇ ਲੱਕ-ਤੋੜ ਮਿਹਨਤ ਕਰਨ ਵਾਲੇ ਮੈਂਬਰ ਹੋਣਗੇ, ਜਿਨ੍ਹਾਂ ਨੂੰ ਸਬਜ਼ੀਆਂ, ਦਾਲਾਂ, ਤੇਲ, ਆਦਿ, ਦੀ ਵੀ ਜਰੂਰਤ ਹੁੰਦੀ ਹੈ।

ਇਸ ਤੋਂ ਇਲਾਵਾ, ਕਿਸੇ ਵੀ ਪ੍ਰੀਵਾਰ ਦੀ ਖੁਲ੍ਹੇ ਬਜ਼ਾਰ 'ਚੋਂ ਜਰੂਰੀ ਖਾਧ ਵਸਤਾਂ ਖ੍ਰੀਦਣ ਦੀ ਸਮਰੱਥਾ, ਕੀਮਤਾਂ ਦੀ ਸਥਿਰਤਾ ਤੇ ਨਿਰਭਰ ਹੈ। ਲੇਕਿਨ, ਜਦ ਕੀਮਤਾਂ ਵਿੱਚ ਏਨੀ ਅਸਥਿਰਤਾ ਹੈ ਕਿ ਇਹ ਕੁੱਝ ਹੀ ਦਿਨਾਂ ਅੰਦਰ 5-10 ਰੁਪਏ ਕਿਲੋ ਵਧ ਜਾਂਦੀਆਂ ਹਨ, ਤਾਂ ਕੀ 4-6 ਮੈਂਬਰਾਂ ਵਾਲੇ ਇੱਕ ਮਿਹਨਤਕਸ਼ ਪ੍ਰੀਵਾਰ ਲਈ ਖੁਲ੍ਹੇ ਬਜ਼ਾਰ 'ਚੋਂ ਜਰੂਰੀ ਵਸਤਾਂ ਖ੍ਰੀਦਣਾ ਸੰਭਵ ਹੋਵੇਗਾ? ਏਸ ਲਈ ਗਰੀਬੀ ਦੇ ਅਧਾਰ ਤੇ ਖਾਧ ਵਸਤਾਂ ਮੁਹੱਈਆ ਕਰਨ ਵਾਲੀ ਰਾਸ਼ਣ ਪ੍ਰਣਾਲੀ ਅਨਿਆਂਪੂਰਨ ਅਤੇ ਫਰੇਬੀ ਹੈ। ਅਤੇ "ਕਿਸੇ ਵੀ ਨਾਗਰਿਕ ਨੂੰ ਭੁੱਖਾ ਨਹੀਂ ਮਰਨ ਦਿਆਂਗੇ" ਵਰਗੀਆਂ ਢੌਂਗੀ ਗੱਲਾਂ ਕਰਨ ਵਾਲਿਆਂ ਦੇ ਵਾਦਿਆਂ ਦੇ ਖੋਖਲੇਪਣ ਅਤੇ ਧੋਖੇਬਾਜ਼ੀ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰਨਾ ਚਾਹੀਦਾ ਹੈ। ਜੇ ਸਰਕਾਰ ਸੱਚ-ਮੁੱਚ ਏਦਾਂ ਦਾ ਲਕਸ਼ ਰੱਖਦੀ ਹੋਵੇ, ਉਹ ਜਰੂਰ ਇਹ ਯਕੀਨੀ ਬਣਾਏਗੀ ਕਿ ਸੱਭ ਨੂੰ ਵਧੀਆ ਕਿਸਮ ਦੀਆਂ ਖਾਦ ਵਸਤਾਂ ਉਚਿਤ ਅਤੇ ਟਿਕਾਊ ਕੀਮਤਾਂ ਤੇ ਮੁਹੱਈਆ ਕੀਤੀਆਂ ਜਾਣ।

ਲੋਕਾਂ ਨੂੰ ਇਹ ਮੰਗ ਉਠਾਉਣੀ ਚਾਹੀਦੀ ਹੈ ਕਿ ਮਹਿੰਗਾਈ ਉੱਤੇ ਕਾਬੂ ਪਾਉਣ ਲਈ ਤੁਰੰਤ ਅਮਲੀ ਉਪਾਅ ਕੀਤੇ ਜਾਣ। ਲੋਕਾਂ ਨੂੰ ਇਹ ਮੰਗ ਵੀ ਉਠਾਉਣੀ ਚਾਹੀਦੀ ਹੈ ਕਿ ਖਾਣੇ ਵਾਲੀਆਂ ਵਸਤਾਂ 'ਚ ਵਾਅਦਾ ਬਜ਼ਾਰੀ, ਜ਼ਖੀਰੇਬਾਜ਼ੀ ਅਤੇ ਸੱਟੇਬਾਜ਼ੀ ਉਤੇ ਤੁਰੰਤ ਰੋਕ ਲਾਈ ਜਾਵੇ, ਅਤੇ ਇੱਕ ਅਧੁਨਿਕ ਰਾਸ਼ਣ ਪ੍ਰਣਾਲੀ ਸਥਾਪਤ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ, ਜਿਸ ਅਧੀਨ ਸੱਭ ਲੋਕਾਂ ਨੂੰ ਅਨਾਜ, ਸਬਜ਼ੀਆਂ, ਅੰਡੇ ਅਤੇ ਹੋਰ ਸੱਭ ਜਰੂਰੀ ਵਸਤਾਂ ਉਚਿਤ ਭਾਅ ਤੇ ਮੁਹੱਈਆਂ ਕੀਤੀਆਂ ਜਾਣ। ■

# ਖਾਧ ਵਸਤਾਂ ਦੀਆਂ ਅਸਮਾਨੇ ਚੜ੍ਹੀਆਂ ਕੀਮਤਾਂ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ?

ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਈਆਂ ਖਾਧ ਵਸਤਾਂ ਦੀਆਂ ਕੀਮਤਾਂ, ਪਿਛਲੀ ਮਈ 'ਚ ਹੋਈਆਂ ਲੋਕ ਸਭਾ ਚੋਣਾਂ ਦੀ ਮੁਹਿੰਮ ਦੁਰਾਨ ਇੱਕ ਵੱਡਾ ਮੁੱਦਾ ਬਣੀਆਂ ਸਨ। ਦੂਸਰੀ ਬਾਰ ਬਣੀ ਮਨਮੋਹਣ ਸਿੰਘ ਸਰਕਾਰ ਦੇ 100 ਦਿਨ ਪੂਰੇ ਹੋਣ ਵਾਲੇ ਹਨ, ਲੇਕਿਨ ਅਜੇ ਭੀ ਮਿਹਨਤਕਸ਼ ਲੋਕਾਂ ਦੇ ਉਪਭੋਗ ਦੀਆਂ ਬੁਨਿਆਦੀ ਖਾਧ ਵਸਤਾਂ ਦੀਆਂ ਅਸਮਾਨੇ ਚੜ੍ਹੀਆਂ ਕੀਮਤਾਂ ਤੋਂ ਨਿਜ਼ਾਤ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਇਸ ਹਾਲਤ ਦੀ ਜੜ੍ਹ ਕੌਣ ਜਾਂ ਕੀ ਹੈ?

ਕੇਂਦਰ ਸਰਕਾਰ ਕਹਿ ਰਹੀ ਹੈ ਕਿ ਉਹਨੇ ਮਹਿੰਗਾਈ ਨੂੰ ਨੱਥ ਪਾਉਣ ਲਈ ਕਈ ਕਦਮ ਉਠਾਏ ਹਨ। ਹੁਣ ਉਹ ਕਹਿ ਰਹੀ ਹੈ ਕਿ ਜ਼ਖੀਰੇਬਾਜੀ ਅਤੇ ਸੱਟੇਬਾਜੀ ਨੂੰ ਰੋਕਣ ਦੀ ਜਿਮੇਵਾਰੀ ਸੂਬਾਈ ਸਰਕਾਰਾਂ ਉਤੇ ਹੈ। ਇਸ ਤਰ੍ਹਾਂ ਕੇਂਦਰ ਸਰਕਾਰ, ਦੋਸ਼ ਕਿਸੇ ਹੋਰ ਦੇ ਸਿਰ ਮੜ੍ਹਕੇ ਲੋਕਾਂ ਨੂੰ ਬੁੱਧੂ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਖਾਧ ਵਸਤਾਂ ਦੀ ਜ਼ਖੀਰੇਬਾਜ਼ੀ ਅਤੇ ਸੱਟੇਬਾਜ਼ੀ ਕੌਣ ਕਰ ਰਿਹਾ ਹੈ?

ਕਰੀਬ ਦੋ ਦਹਾਕੇ ਪਹਿਲਾਂ ਤਕ, ਥੋਕ ਵਪਾਰੀ ਅਤੇ ਪਰਚੂਨ ਦੇ ਦੁਕਾਨਦਾਰ ਚਾਵਲ, ਕਣਕ, ਦਾਲਾਂ, ਖਾਣ ਵਾਲੇ ਤੇਲ ਦੀ ਕਾਲਾ-ਬਜ਼ਾਰੀ ਕਰਕੇ ਅੰਨ੍ਹੀ ਕਮਾਈ ਕਰਦੇ ਸਨ। ਬੀਤੇ ਦੋ ਦਹਾਕਿਆਂ ਦੇ ਉਦਾਰੀਕਰਣ ਅਤੇ ਨਿੱਜੀਕਰਣ ਪ੍ਰੋਗਰਾਮ ਦੁਰਾਨ, ਇਹ ਜ਼ਖੀਰੇਬਾਜ਼ੀ ਅਤੇ ਕਾਲਾ-ਬਾਜ਼ਾਰੀ ਇੱਕ ਸਨਮਾਨਜਨਕ ਧੰਦਾ ਬਣ ਗਈ ਹੈ। ਪਰਚੂਨ ਵਪਾਰ 'ਚ ਲੱਗੀਆਂ ਵੱਡੀਆਂ-ਵੱਡੀਆਂ ਕੰਪਣੀਆਂ, ਜਿਵੇ ਕਿ ਰਿਲਾਂਇੰਸ ਰਿਟੇਲ, ਆਦਿ ਨਿਯਮਤ ਤੌਰ ਤੇ ਇਨ੍ਹਾਂ ਸਮੱਗਰੀਆਂ ਨੂੰ ਭਾਰੀ ਮਾਤਰਾ 'ਚ ਖਰੀਦ ਕੇ ਜਮਾਂ ਕਰ ਲੈਂਦੀਆਂ ਹਨ ਅਤੇ ਫੇਰ ਬਜ਼ਾਰ 'ਚ ਇਨ੍ਹਾਂ ਦੀਆਂ ਕੀਮਤਾਂ ਵਧਾ ਦਿੰਦੀਆਂ ਹਨ। ਇਹ, ਵਧਦੀਆਂ ਕੀਮਤਾਂ ਦਾ ਇੱਕ ਕਾਰਨ ਹੈ।

ਖੇਤੀ ਸਮੱਗਰੀਆਂ, ਖਾਸਕਰ ਖਾਧ ਵਸਤਾਂ ਦੇ ਵਪਾਰ ਦੇ ਉਦਾਰੀਕਰਣ ਦਾ ਵੀ ਇਹਦੇ 'ਚ ਇੱਕ ਮੁੱਖ ਯੋਗਦਾਨ ਰਿਹਾ ਹੈ। ਇਨ੍ਹਾਂ ਸਮੱਗਰੀਆਂ ਦਾ ਅੰਤਰਰਾਸ਼ਟਰੀ ਵਪਾਰ ਕਰ ਰਹੀਆਂ ਬਹੁ-ਰਾਸ਼ਟਰੀ ਕੰਪਣੀਆਂ, ਇਸ ਵਪਾਰ 'ਚੋਂ ਅੰਨ੍ਹੀ ਕਮਾਈ ਕਰ ਰਹੀਆਂ ਹਨ।

ਅੱਜ, ਸਮੱਸਿਆ ਸਿਰਫ ਇਨ੍ਹਾਂ ਵਸਤਾਂ ਦੀ ਜ਼ਖੀਰੇਬਾਜ਼ੀ ਜਾਂ ਇਨ੍ਹਾਂ ਦੇ ਅੰਤਰਰਾਸ਼ਟਰੀ ਵਪਾਰ ਦੀ ਵਜਾਹ ਕਰਕੇ ਹੀ ਨਹੀਂ ਹੈ। ਬਲਕਿ ਬਜਾਰ 'ਚ ਭਵਿੱਖ 'ਚ ਆਉਣ ਵਾਲੇ ਮਾਲ ਦੇ ਵਪਾਰ ਉਤੇ ਸੱਟੇਬਾਜ਼ੀ ਦੀ ਵਜਾਹ ਕਰਕੇ ਵੀ ਹੈ। ਇਹ, ਸੱਭ ਵਸਤਾਂ ਨੂੰ ਵਾਅਦਾ ਵਪਾਰ ਲਈ ਖੋਲ੍ਹ ਦੇਣ ਦਾ ਨਤੀਜਾ ਹੈ। ਵਾਅਦਾ ਵਪਾਰ ਵਿੱਚ, ਭਵਿੱਖ 'ਚ ਉਤਪਾਦਤ ਕੀਤੇ ਜਾਣ ਵਾਲੇ ਮਾਲ ਦੇ ਸਿਰਫ ਅਸਲੀ ਖ੍ਰੀਦਣ ਅਤੇ ਵੇਚਣ ਵਾਲੇ ਹੀ ਨਹੀਂ ਹਨ, ਬਲਕਿ ਵਧਦੀ ਗਿਣਤੀ 'ਚ ਐਸੇ ਸੱਟੇਬਾਜ਼ ਹਨ ਜਿਨ੍ਹਾਂ ਦਾ ਖ੍ਰੀਦਣ ਜਾਂ ਵੇਚਣ ਦਾ ਕੋਈ ਇਰਾਦਾ ਨਹੀਂ ਹੈ। ਵਾਅਦਾ ਵਪਾਰ ਅੰਦਰ ਮੁੱਖ ਉਦੇਸ਼, ਵਸਤਾਂ ਦੀਆਂ ਕੀਮਤਾਂ 'ਚ ਭਾਵੀ ਵਾਧੇ ਉੱਤੇ ਸੱਟੇਬਾਜ਼ੀ ਰਾਹੀਂ ਵੱਧ ਤੋਂ ਵੱਧ ਮੁਨਾਫੇ ਕਮਾਉਣਾ ਹੈ, ਅਤੇ ਖ੍ਰੀਦਣ ਅਤੇ ਵੇਚਣ ਦੇ ਜ਼ਿਆਦਾਤਰ ਕਰਾਰ ਅਸਲ ਵਿੱਚ ਹੋਂਦ 'ਚ ਆਉਂਦੇ ਹੀ ਨਹੀਂ।

ਕੁੱਝ ਖਾਸ ਵਸਤਾਂ 'ਚ ਵਾਅਦਾ ਵਪਾਰ ਹਿੰਦੋਸਤਾਨ ਅੰਦਰ 1875 ਤੋਂ ਹੁੰਦਾ ਆਇਆ ਹੈ। ਅਜ਼ਾਦੀ ਤੋਂ ਬਾਅਦ, 1953 ਵਿੱਚ ਵਾਅਦਾ ਬਜ਼ਾਰ ਕਮਿਸ਼ਨ ਦੀ ਸਥਾਪਨਾਂ ਕੀਤੀ ਗਈ ਸੀ। ਉਸ ਵਕਤ ਤੋਂ ਲੈਕੇ 1980 ਦੇ ਦਹਾਕੇ ਤਕ, ਵਾਅਦਾ ਵਪਾਰ ਬਹੁਤ ਛੋਟੇ ਪੈਮਾਨੇ ਤੇ ਹੁੰਦਾ ਸੀ। 1980 ਵਿੱਚ ਖੁਸਰੋ ਕਮੇਟੀ ਨੇ ਜਿਨ੍ਹਾਂ ਵਸਤਾਂ 'ਚ ਵਾਅਦਾ ਵਪਾਰ ਬੰਦ ਪਿਆ ਸੀ, ਉਸਨੂੰ ਦੁਬਾਰਾ ਚਾਲੂ ਕਰਨ ਦੀ ਸਿਫਾਰਸ਼ ਕੀਤੀ ਅਤੇ ਇਸ ਵਿੱਚ ਕਈ ਨਵੀਆਂ ਵਸਤਾਂ ਵੀ ਜੋੜ ਦਿੱਤੀਆਂ, ਜਿਵੇਂ ਕਿ ਆਲੂ, ਆਦਿ। 1993 ਵਿੱਚ ਹਿੰਦੋਸਤਾਨ ਸਰਕਾਰ ਨੇ ਸਾਰੀਆਂ ਖੇਤੀ ਵਸਤਾਂ ਵਿੱਚ ਵਾਅਦਾ ਵਪਾਰ ਦੀ ਖੁਲ੍ਹ ਦੇ ਦਿੱਤੀ। ਐਸ ਵਕਤ, ਦੇਸ਼ ਅੰਦਰ ਲੱਗਭਗ 90 ਖੇਤੀ ਵਸਤਾਂ ਜਾਂ ਉਨ੍ਹਾਂ ਤੋਂ ਬਣੀਆਂ ਚੀਜਾਂ ਦਾ ਵਾਅਦਾ ਵਪਾਰ ਹੁੰਦਾ ਹੈ।

ਵਾਅਦਾ ਬਜ਼ਾਰ ਕਮਿਸ਼ਨ ਦੇ ਮੁਤਾਬਕ, 1 ਅਪ੍ਰੈਲ 2008 ਤੋਂ 30 ਨਵੰਬਰ 2008 ਤਕ,

ਹਿੰਦੋਸਤਾਨ ਦੇ ਵਾਅਦਾ ਬਜ਼ਾਰ ਵਿੱਚ ਖੇਤੀ ਵਸਤਾਂ ਦੇ ਵਾਅਦਾ ਵਪਾਰ ਦੀ ਕੁੱਲ ਕੀਮਤ 4.03 ਲੱਖ ਕ੍ਰੋੜ ਰੁਪਏ ਸੀ। ਇਸ ਬਜ਼ਾਰ ਦੇ ਦਾਇਰੇ ਨੂੰ ਅੰਤਰਰਾਸ਼ਟਰੀ ਸਤੱਰ ਤਕ ਵਿਸਤ੍ਰਿਤ ਕਰਨ ਦਾ ਮਨਸੂਬਾ ਹੈ। ਦੁਨੀਆਂ ਦੀ ਸੱਭ ਤੋਂ ਵੱਡੀ ਵਪਾਰ ਸੰਸਥਾ, ਸ਼ਿਕਾਗੋ ਬੋਰਡ ਆਫ਼ ਟਰੇਡ, ਦੇ ਮੁਤਾਬਕ, ਔਸਤਨ ਦੈਨਿਕ ਵਾਅਦਾ ਵਪਾਰ ਕਣਕ ਵਿੱਚ ਲਗਭਗ 2.8 ਅਰਬ ਅਮਰੀਕੀ ਡਾਲਰ (12,500 ਕ੍ਰੋੜ ਰੁਪਏ) ਅਤੇ ਸੋਯਾ ਬੀਨ ਵਿੱਚ ਲਗ-ਭਗ 11.2 ਅਰਬ ਅਮਰੀਕੀ ਡਾਲਰ (55,000 ਕ੍ਰੋੜ ਰੁਪਏ) ਹੈ। ਪੂਰੀ ਦੁਨੀਆਂ ਅੰਦਰ ਕੁੱਲ ਵਾਅਦਾ ਵਪਾਰ 513 ਖਰਬ ਅਮਰੀਕੀ ਡਾਲਰ ਹੈ, ਜੋ ਕਿ ਸਾਰੀ ਦੁਨੀਆਂ ਦੇ ਸਕਲ ਘਰੇਲੂ ਉਤਪਾਦ ਦਾ 10 ਗੁਣਾ ਅਤੇ ਸ਼ੇਅਰ ਮਾਰਕਿਟ ਦਾ 5 ਗੁਣਾ ਹੈ। ਮੌਜੂਦਾ ਭੰਡਾਰਾਂ ਤੋਂ ਅੱਗੇ ਜਾਕੇ, ਬਜ਼ਾਰ 'ਚ ਭਵਿੱਖ ਵਿੱਚ ਆਉਣ ਵਾਲੀਆਂ ਖਾਧ ਵਸਤਾਂ ਉਤੇ ਸੱਟੇਬਾਜ਼ੀ ਕਰਨਾ, ਹੁਣ ਦੁਨੀਆਂ ਅੰਦਰ ਇੱਕ ਬਹੁਤ ਵੱਡਾ ਧੰਦਾ ਬਣ ਗਿਆ ਹੈ।

## ਖੇਤੀ ਦਾ ਸਤਿਆਨਾਸ

ਕੇਂਦਰੀ ਖੇਤੀ ਮੰਤਰੀ ਕਹਿੰਦਾ ਹੈ ਕਿ ਖਾਧ ਵਸਤਾਂ ਦੀਆਂ ਕੀਮਤਾਂ ਦਾ ਵਧਣਾ ਅਟੱਲ ਹੈ, ਜਦ ਤਕ ਸਲਾਨਾ ਮੰਗ ਸਲਾਨਾ ਪੂਰਤੀ ਤੋਂ ਜ਼ਿਆਦਾ ਰਹੇਗੀ। ਉਹ, ਇਹ ਨਹੀਂ ਦੱਸਦਾ ਕਿ ਉਹਦੀ ਸਰਕਾਰ ਨੇ ਸਲਾਨਾ ਪੂਰਤੀ ਵਧਾਉਣ ਲਈ ਕੋਈ ਵੀ ਕੋਸ਼ਸ਼ ਕਿਉਂ ਨਹੀਂ ਕੀਤੀ ਹੈ। ਉਹ ਇਸ ਸੱਚਾਈ ਨੂੰ ਲੁਕੋ ਰਿਹਾ ਹੈ ਕਿ ਉਹਦੀ ਸਰਕਾਰ ਦੀ ਏਹੋ ਨੀਤੀ ਰਹੀ ਹੈ ਕਿ ਪੂੰਜੀ-ਨਿਵੇਸ਼ ਦੇ ਫੈਸਲੇ ਵੱਧ ਤੋਂ ਵੱਧ ਹੱਦ ਤਕ, ਨਿੱਜੀ ਮੁਨਾਫਾਖੋਰਾਂ ਦੇ ਹੱਥਾਂ 'ਚ ਛੱਡ ਦਿੱਤੇ ਜਾਣ। ਬੀਤੇ 20 ਸਾਲਾਂ ਅੰਦਰ ਸਰਕਾਰ ਦੀ ਇਹ ਨੀਤੀ ਚਲਦੀ ਆਈ ਹੈ ਕਿ ਖਾਧ ਵਸਤਾਂ ਦੇ ਵਪਾਰ ਨੂੰ, ਦੇਸ਼ ਅਤੇ ਦੁਨੀਆਂ ਦੇ ਸੱਭ ਤੋਂ ਵੱਡੇ ਨਿੱਜੀ ਮੁਨਾਫਾਖੋਰਾਂ ਅਤੇ ਸੱਟੇਬਾਜ਼ਾਂ ਲਈ ਖੋਲ੍ਹ ਦਿੱਤਾ ਗਿਆ ਹੈ।

ਪੂੰਜੀਵਾਦੀ ਵਿਕਾਸ, ਅਤੇ ਤਾਜ਼ਾ ਦਹਾਕਿਆਂ ਅੰਦਰ ਖੁਲ੍ਹੇ ਬਜ਼ਾਰ ਸੁਧਾਰਾਂ ਰਾਹੀਂ ਇਹਦੇ 'ਚ ਆਈ ਤੇਜ਼ ਗਤੀ ਦਾ ਦੇਸ਼ ਦੀ ਖਾਧ ਆਰਥਕਤਾ ਉਤੇ ਮਾਰੂ ਅਸਰ ਪਿਆ ਹੈ। ਇੱਕ ਤਰਫ਼ ਛੋਟੀ-ਕਿਸਾਨੀ-ਆਰਥਕਤਾ ਨੂੰ ਘਟਾ ਅਤੇ ਸੁਕੇੜ ਦਿੱਤਾ ਗਿਆ ਹੈ, ਅਤੇ ਦੂਸਰੀ ਤਰਫ਼ ਤਜ਼ਾਰਤੀ ਅਤੇ ਪੂੰਜੀਵਾਦੀ ਖੇਤੀ ਦਾ ਪਸਾਰਾ ਕੀਤਾ ਗਿਆ ਹੈ। ਪੂੰਜੀ-ਨਿਵੇਸ਼ ਦੇ ਫੈਸਲਿਆਂ ਦੇ ਪਿੱਛੇ ਵੱਧ ਤੋਂ ਵੱਧ ਨਿੱਜੀ ਮੁਨਾਫਾ ਪ੍ਰਮੁੱਖ ਉਦੇਸ਼ ਰਿਹਾ ਹੈ, ਏਸ ਲਈ ਦਾਲਾਂ, ਮੱਕੀ-ਬਾਜਰੇ-ਜਵਾਰ ਅਤੇ ਜਨਤਾ ਨੇ ਪੋਸ਼ਣ ਦੇ ਹੋਰ ਸ੍ਰੋਤਾਂ ਦੀ ਪੈਦਾਵਾਰ ਦੀ ਅਣ-ਦੇਖੀ ਕੀਤੀ ਜਾ ਰਹੀ ਹੈ। ਦੇਸ਼ ਦੀ ਜਨਤਾ ਦੇ ਉਪਭੋਗ ਲਈ ਪੈਦਾਵਾਰ ਕਰਨ ਦੀ ਵਜਾਇ, ਵਿਦੇਸ਼ੀ ਬਜ਼ਾਰਾਂ ਲਈ ਉਤਪਾਦਨ ਨੂੰ ਵਧਾਇਆ ਜਾ ਰਿਹਾ ਹੈ। ਜਿਨ੍ਹਾਂ ਬੁਨਿਆਦੀ ਖਾਧ ਵਸਤਾਂ ਨੂੰ ਕਿਸਾਨਾਂ ਤੋਂ ਖ੍ਰੀਦਕੇ ਰਾਸ਼ਣ ਦੁਕਾਨਾਂ ਰਾਹੀਂ ਵਿਤਰਿਤ ਕਰਨ ਦਾ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ, ਉਨ੍ਹਾਂ ਦੀ ਪੂਰਤੀ ਵੀ ਬਹੁਤ ਘੱਟ ਹੈ। ਵੱਡੀਆਂ-ਵੱਡੀਆਂ ਕੰਪਣੀਆਂ ਦੀ ਅਗਵਾਈ 'ਚ ਨਿੱਜੀ ਮੁਨਾਫਾਖੋਰਾਂ ਦੇ ਹੱਥਾਂ 'ਚ ਅਨਾਜ ਦੇ ਵਪਾਰ ਦਾ ਵੱਧ ਤੋਂ ਵੱਧ ਹਿੱਸਾ ਹੈ, ਅਤੇ ਇਨ੍ਹਾਂ ਕੰਪਣੀਆਂ ਦੇ ਕੋਲ ਭਾਰਤੀ ਖਾਧ ਨਿਗਮ ਤੋਂ ਕਿਤੇ ਜ਼ਿਆਦਾ ਅਨਾਜਾਂ ਦਾ ਭੰਡਾਰ ਹੈ। ਰਾਸ਼ਣ ਦੀ ਸਪਲਾਈ ਨੂੰ "ਗਰੀਬੀ ਰੇਖਾ ਤੋਂ ਹੇਠਾਂ" ਵਾਲਿਆਂ ਤੱਕ ਸੀਮਤ ਕਰਕੇ, ਸੋਚ-ਸਮਝ ਘਟਾਇਆ ਜਾ ਰਿਹਾ ਹੈ।

ਮਜਦੂਰਾਂ, ਕਿਸਾਨਾਂ ਅਤੇ ਸੱਭ ਮਿਹਨਤਕਸ਼ਾਂ ਨੂੰ ਮਿਲਕੇ ਐਸੇ ਫੌਰੀ ਅਤੇ ਰਣਨੀਤਕ ਉਪਾਵਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਜਿਨ੍ਹਾਂ ਨਾਲ ਖਾਧ-ਵਸਤਾਂ ਉਚਿਤ ਮੁੱਲ ਤੇ ਸਭ ਨੂੰ ਮੁਹੱਈਆ ਕੀਤੀਆਂ ਜਾਣ। ਪਿਛਲੇ ਸਾਲ, ਕਾਫਿ ਜਨ ਵਿਰੋਧ ਤੋਂ ਬਾਅਦ, ਸਰਕਾਰ ਨੂੰ ਕੁੱਝ ਪ੍ਰਕਾਰ

## ਦਾਲਾਂ ਦੀਆਂ ਕੀਮਤਾਂ ਮਿਹਨਤਕਸ਼ ਲੋਕਾਂ ਦੀ ਪਹੁੰਚ ਤੋਂ ਬਾਹਰ

- ਅਰਹਰ ਦਾਲ ਦੀ ਕੀਮਤ, ਅਗਸਤ 2008 ਅਤੇ ਅਗਸਤ 2009 ਦੇ ਵਿਚਾਲੇ 44 ਰੁਪਏ ਤੋਂ ਵਧਕੇ 90 ਰੁਪਏ ਪ੍ਰਤੀ ਕਿਲੋ ਤਕ ਪਹੁੰਚ ਗਈ ਹੈ। ਏਸ ਦਾਲ ਦੀਆਂ ਕੀਮਤਾਂ ਪਹਿਲਾਂ ਹੀ, 2005 ਅਤੇ 2007 ਦੇ ਵਿਚਕਾਰ 40 ਪ੍ਰਤੀਸ਼ਤ ਵਧ ਚੁੱਕੀਆਂ ਸਨ। ਇਸ ਤਰ੍ਹਾਂ, ਅਰਹਰ ਦੀ ਕੀਮਤ ਪਿਛਲੇ ਚਾਰ ਸਾਲਾਂ ਵਿੱਚ ਤਿਗੁੱਣੀ ਹੋ ਗਈ ਹੈ। ਹੋਰ ਦਾਲਾਂ ਦੀਆਂ ਕੀਮਤਾਂ ਦਾ ਵੀ ਏਹੋ ਹਾਲ ਹੈ।

- ਦਾਲਾਂ ਆਮ ਮਿਹਨਤਕਸ਼ ਲੋਕਾਂ ਲਈ ਪ੍ਰੋਟੀਨ ਦਾ ਮੁੱਖ ਸ੍ਰੋਤ ਹਨ। ਦੇਸ਼ ਦੇ ਕਈ ਹਿੱਸਿਆਂ 'ਚ ਲੋਕ ਮੁੱਖ ਤੌਰ ਤੇ ਅਰਹਰ ਦੀ ਦਾਲ ਹੀ ਖਾਂਦੇ ਹਨ। ਲੇਕਿਨ ਅਰਹਰ ਅਤੇ ਬਾਕੀ ਸੱਭ ਦਾਲਾਂ ਦੀਆਂ ਕੀਮਤਾਂ ਅਸਮਾਨੇ ਚੜ੍ਹ ਗਈਆਂ ਹਨ। ਪਿਛਲੇ 4 ਦਹਾਕਿਆਂ ਅੰਦਰ, ਦਾਲਾਂ ਦੇ ਪ੍ਰਤੀ ਵਿਅਕਤੀ ਉਪਭੋਗ ਵਿੱਚ 50 ਪ੍ਰਤੀਸ਼ਤ ਤੋਂ ਜ਼ਿਆਦਾ ਗਿਰਾਵਟ ਆਈ ਹੈ।

- ਸਰਕਾਰ ਨੇ ਕਦੀ ਵੀ ਦਾਲਾਂ ਦਾ ਸਮਰਥਨ ਮੁੱਲ ਮੁਕੱਰਰ ਨਹੀਂ ਕੀਤਾ ਹੈ। ਦਾਲਾਂ ਦੀ ਪੈਦਾਵਾਰ ਕਰਨ ਵਾਲੇ ਕਿਸਾਨ ਬਜ਼ਾਰ ਦੀਆਂ ਤਾਕਤਾਂ ਦਾ ਸ਼ਿਕਾਰ ਬਣਦੇ ਹਨ। ਸਰਕਾਰ ਨੇ ਕਦੀ ਵੀ ਨਿਯਮਤ ਰੂਪ 'ਚ ਦਾਲਾਂ ਖ੍ਰੀਦਣ ਦੀ ਮੁਹਿੰਮ ਵੀ ਨਹੀਂ ਚਲਾਈ।

- ਦਾਲਾਂ ਦੀ ਸਲਾਨਾ ਪੈਦਾਵਾਰ, ਪਿਛਲੇ 10 ਸਾਲਾਂ ਤੋਂ ਕਰੀਬ 150 ਲੱਖ ਟਨ ਰਹੀ ਹੈ। ਦਾਲਾਂ ਦੀ ਥੁੜ੍ਹੋਂ ਨੂੰ ਦਰਾਮਦਾਂ ਰਾਹੀਂ ਪੂਰਾ ਕੀਤਾ ਜਾਂਦਾ ਰਿਹਾ ਹੈ; ਅਤੇ ਇਹ ਦਰਾਮਦ 1998-99 ਵਿੱਚ 4.6 ਲੱਖ ਟਨ ਤੋਂ ਵਧਕੇ 2008-09 ਵਿੱਚ 20 ਲੱਖ ਟਨ ਤੋਂ ਉਪੱਰ ਹੋ ਗਈ ਹੈ। ਘਰੇਲੂ ਪੈਦਾਵਾਰ ਦੇ ਘਟਣ ਦੇ ਬਾਵਯੂਦ 2005-06 ਤੱਕ ਦਾਲਾਂ ਦੀ ਬਰਾਮਦ ਕੀਤੀ ਜਾਂਦੀ ਰਹੀ, ਅਤੇ ਆਖਿਰ 2006 ਵਿੱਚ ਦਾਲਾਂ ਦੀ ਬਰਾਮਦ ਉਤੇ ਰੋਕ ਲਗਾਈ ਗਈ।

- ਖਾਧ ਵਸਤਾਂ ਦੀ ਬਨਾਉਟੀ ਥੁੜ੍ਹੋਂ ਪੈਦਾ ਕਰਨ ਵਿੱਚ ਸਰਕਾਰ ਕਿਸ ਤਰ੍ਹਾਂ ਵੱਡੀਆਂ ਵਪਾਰੀ ਕੰਪਣੀਆਂ ਦੀ ਮੱਦਦ ਕਰਦੀ ਹੈ ਉਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਸਰਕਾਰੀ ਕੰਪਣੀਆਂ— ਐਸ.ਟੀ.ਸੀ., ਐਮ. ਐਮ.ਟੀ.ਸੀ., ਨੇਫੇਡ, ਆਦਿ — ਵਲੋਂ ਦਰਾਮਦ ਕੀਤੀਆਂ 1.74 ਲੱਖ ਟਨ ਦਾਲਾਂ, ਐਸ ਵਕਤ ਦੇਸ਼ ਦੀਆਂ ਬੰਦਰਗਾਹਾਂ 'ਚ ਪਈਆਂ ਸੜ ਰਹੀਆਂ ਹਨ। ਇਹ ਦਾਲਾਂ ਰਾਸ਼ਣ ਪਰਣਾਲੀ ਦੇ ਜ਼ਰੀਏ ਲੋਕਾਂ ਤਕ ਪਹੁੰਚਾਈਆਂ ਜਾਣੀਆਂ ਸਨ। ਅਪ੍ਰੈਲ 2007 ਵਿੱਚ ਸਰਕਾਰ ਨੇ 15 ਲੱਖ ਟਨ ਦਾਲਾਂ ਦੀ ਦਰਾਮਦ ਕਰਨ ਦਾ ਫੈਸਲਾ ਕੀਤਾ, ਅਤੇ ਸਰਕਾਰੀ ਕੰਪਣੀਆਂ ਨੂੰ ਇਹਦਾ ਬੰਦੋਬਸਤ ਕਰਨ ਦਾ ਆਦੇਸ਼ ਦਿੱਤਾ। ਲੇਕਿਨ ਸੂਬਾਈ ਸਰਕਾਰਾਂ ਨੇ ਇਸ ਦਾਲ ਭੰਡਾਰ 'ਚੋਂ ਕੁੱਝ ਵੀ ਨਾ ਉਠਾਇਆ, ਕਿਉਂਕਿ ਇਸ ਦਾਲ ਦੀ ਕੀਮਤ ਸਥਾਨਕ ਬਜਾਰਾਂ ਦੇ ਮੁਕਾਬਲੇ ਬਹੁਤ ਉੱਚੀ ਸੀ।

- ਹੁਣ, ਏਹੋ ਕਿੱਸਾ ਫਿਰ ਤੋਂ ਦੁਹਰਾਇਆ ਜਾ ਰਿਹਾ ਹੈ। ਸਤੰਬਰ-ਅਕਤੂਬਰ 2009 'ਚ ਮਯਾਨਮਾਰ ਤੋਂ ਅਰਹਰ ਦਾਲ ਮੰਗਵਾਉਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਇਹਦੀ ਕੀਮਤ 1250 ਡਾਲਰ ਪ੍ਰਤੀ ਟਨ ਹੋਵੇਗੀ, ਜਾਣੀ ਕਿ ਮੁੰਬਈ ਬੰਦਰਗਾਹ ਪਹੁੰਚਣ ਤੇ ਇਹਦੀ ਕੀਮਤ 63 ਰੁਪਏ ਪ੍ਰਤੀ ਕਿਲੋ ਹੋਵੇਗੀ। ਇਹ ਪ੍ਰਚੂਨ ਦੀਆਂ ਦੁਕਾਨਾਂ 'ਚ ਪਹੁੰਚਕੇ ਲਗ-ਭਗ 100 ਰੁਪਏ ਪ੍ਰਤੀ ਕਿਲੋ ਵਿਕੇਗੀ। ■

ਦੇ ਚਾਵਲ ਅਤੇ ਕਣਕ ਦੇ ਵਾਅਦਾ ਵਪਾਰ ਤੇ ਰੋਕ ਲਾਉਣੀ ਪਈ ਸੀ। ਲੇਕਿਨ ਬਾਕੀ ਖੇਤੀ ਉਤਪਾਦਾਂ, ਬਾਕੀ ਕਿਸਮਾਂ ਦੇ ਚੌਲਾਂ, ਕਣਕ ਅਤੇ ਆਲੂ ਆਦਿ ਦੇ ਵਾਅਦਾ ਵਪਾਰ ਉਤੇ ਕੋਈ ਰੋਕ ਨਹੀਂ ਹੈ। ਸੱਭ ਖੇਤੀ ਵਸਤਾਂ ਦੇ ਵਾਅਦਾ ਵਪਾਰ ਉਤੇ ਸਥਾਈ ਪਾਬੰਦੀ ਲਗਾਉਣਾ ਇੱਕ ਜਰੂਰੀ ਫੌਰੀ ਮੰਗ ਹੈ। ਸਾਨੂੰ ਖੇਤੀ ਵਸਤਾਂ ਦੀ ਦਰਾਮਦ, ਬਰਾਮਦ ਅਤੇ ਘਰੇਲੂ ਥੋਕ ਵਪਾਰ ਦੇ ਖੇਤਰ ਵਿੱਚੋਂ ਨਿੱਜੀ ਕੰਪਣੀਆਂ ਨੂੰ ਹਟਾਉਣ ਦੀ ਮੰਗ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਜਰੂਰੀ ਹੈ, ਤਾਂਕਿ ਇੱਕ ਅਧੁਨਿਕ ਸਰਵ-ਵਿਆਪੀ ਸਰਵਜਨਕ ਵੰਡ ਪ੍ਰਣਾਲੀ ਬਣਾਈ ਜਾਵੇ, ਜਿਸ ਅੰਦਰ ਸਭਨਾਂ ਨੂੰ ਉਪਭੋਗ ਦੀਆਂ ਸਾਰੀਆਂ ਜਰੂਰੀ ਵਸਤਾਂ ਮਿਲ ਸਕਣ। ■

## ਇਸ ਸਾਲ ਤਿਉਹਾਰਾਂ ਦੇ ਮੌਸਮ 'ਚ ਖੰਡ ਨਹੀਂ ਮਿਲੇਗੀ!

- ਖੰਡ ਦੀ ਕੀਮਤ ਐਸ ਵਕਤ 35 ਰੁਪਏ ਪ੍ਰਤੀ ਕਿਲੋ ਹੈ, ਜਾਣੀ ਕਿ ਇੱਕ ਸਾਲ ਅੰਦਰ 50 ਪ੍ਰਤੀਸ਼ਤ ਚੜ੍ਹ ਗਈ ਹੈ।

- 2007-08 ਦੁਰਾਨ ਦੇਸ਼ ਵਿੱਚ ਖੰਡ ਦਾ ਉਤਪਾਦਨ 286 ਲੱਖ ਟਨ ਸੀ, ਜਦਕਿ 2008 ਵਿੱਚ 243 ਲੱਖ ਟਨ ਖੰਡ ਦੀ ਖਪਤ ਹੋਈ। ਵਾਧੂ ਉਤਪਾਦਨ ਕਾਰਨ ਖੰਡ ਦੀਆਂ ਕੀਮਤਾਂ ਗਿਰ ਗਈਆਂ ਸਨ। ਮਿੱਲ ਮਾਲਕਾਂ ਨੇ ਕਿਸਾਨਾਂ ਤੋਂ ਖ਼ੀਦੇ ਗੰਨੇ ਦਾ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਬਹਾਨਾ ਬਣਾਇਆ ਕਿ ਉਨ੍ਹਾਂ ਕੋਲ ਪੈਸਾ ਨਹੀਂ ਹੈ। ਕਿਉਂਕਿ ਕਿਸਾਨਾਂ ਨੂੰ ਪਿਛਲੇ ਸਾਲ ਉਨ੍ਹਾਂ ਦੀ ਫਸਲ ਦਾ ਪੈਸਾ ਨਹੀਂ ਮਿਲਿਆ ਸੀ, ਏਸ ਲਈ ਉਨ੍ਹਾਂ ਨੇ 2008-09 ਵਿੱਚ ਗੰਨੇ ਦੀ ਕਾਸ਼ਤ ਘਟਾ ਦਿੱਤੀ। 2008-09 ਵਿੱਚ ਖੰਡ ਦੇ ਉਤਪਾਦਨ ਵਿੱਚ 44 ਪ੍ਰਤੀਸ਼ਤ ਗਿਰਾਵਟ ਆਈ, ਜਾਣੀ ਸਿਰਫ 160 ਲੱਖ ਟਨ ਖੰਡ ਦਾ ਉਤਪਾਦਨ ਹੋਇਆ, ਜਿਸ ਨਾਲ ਭਾਰੀ ਥੁੜ੍ਹੋਂ ਪੈਦਾ ਹੋ ਗਈ।

- ਇਸ ਥੁੜ੍ਹੋਂ ਨੂੰ ਪੂਰਾ ਕਰਨ ਲਈ ਸਰਕਾਰ ਨੇ ਖੰਡ ਮਿੱਲਾਂ ਨੂੰ ਕੱਚੀ ਖੰਡ ਦੀ ਦਰਾਮਦ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ, ਜਿਸਤੋਂ ਇਹ ਮਿੱਲਾਂ ਖੰਡ ਬਣਾ ਸਕਣ। ਹੁਣ ਤਕ ਖੰਡ ਮਿੱਲਾਂ ਨੇ ਲੱਗ-ਭਗ 30 ਲੱਖ ਟਨ ਦੀ ਦਰਾਮਦ ਕੀਤੀ ਹੈ, ਜੋ ਕਿ ਜਰੂਰਤ ਤੋਂ ਘੱਟ ਹੈ। ਖੰਡ ਮਿੱਲਾਂ ਉਤੇ ਕੁੱਝ ਵੱਡੀਆਂ ਕੰਪਣੀਆਂ ਅਤੇ ਸਿਆਸਤਦਾਨਾ ਦਾ ਕੰਟਰੋਲ ਹੈ ਅਤੇ ਉਹ ਥੁੜ੍ਹੋਂ ਦੀ ਇਸ ਹਾਲਤ ਨੂੰ ਬਰਕਰਾਰ ਰੱਖਣ ਦੀ ਕੋਸ਼ਸ਼ ਕਰ ਰਹੇ ਹਨ ਤਾਂ ਕਿ ਉਹ ਅੰਨ੍ਹੀ ਕਮਾਈ ਕਰ ਸਕਣ।

- ਇੰਡੀਅਨ ਸ਼ੁਗਰ ਮਿੱਲ ਓਨਰਸ ਐਸੋਸੀਏਸ਼ਨ, ਜੋ ਖੰਡ ਮਿੱਲਾਂ ਦੇ ਮਾਲਕ ਸਰਮਾਏਦਾਰਾਂ ਦੀ ਸੰਸਥਾ ਹੈ, ਉਹ ਰਿਫਾਇੰਡ ਖੰਡ ਦੀ ਦਰਾਮਦ ਦਾ ਵਿਰੋਧ ਕਰ ਰਹੀ ਹੈ। ਉਹ ਇਹ ਵੀ ਮੰਗ ਕਰ ਰਹੀ ਹੈ ਕਿ ਸਰਕਾਰ ਨੇ ਰਾਸ਼ਣ ਦੁਆਰਾ ਨਿਅੰਤਰਤ ਕੀਮਤ ਤੇ ਸਪਲਾਈ ਕਰਨ ਲਈ ਕੁੱਲ ਉਤਪਾਦਨ 'ਚ 10 ਪ੍ਰਤੀਸ਼ਤ ਦਾ ਜੋ ਕੋਟਾ ਲਗਾਇਆ ਹੈ, ਉਹਨੂੰ ਰੱਦ ਕੀਤਾ ਜਾਵੇ ਤਾਂਕਿ ਇਸ ਖੰਡ ਨੂੰ ਵੀ ਸਰਮਾਏਦਾਰ ਬਜ਼ਾਰ ਦੇ ਭਾਅ ਤੇ ਕੇ ਵੱਡੇ ਮੁਨਾਫੇ ਕਮਾ ਸਕਣ।

- ਹਿੰਦੋਸਤਾਨ ਵਿੱਚ ਖੰਡ ਦੀ ਥੁੜ੍ਹੋਂ ਅਤੇ ਦਰਾਮਦ ਦੀਆਂ ਯੋਜਨਾਵਾਂ ਦੀ ਜਾਣਕਾਰੀ ਮਿਲਦੇ ਸਾਰ, ਅੰਤਰਰਾਸ਼ਟਰੀ ਖੰਡ ਵਪਾਰੀਆਂ ਨੇ ਖੰਡ ਦੀਆਂ ਕੀਮਤਾਂ ਚਾਰ ਮਹੀਨਿਆਂ ਅੰਦਰ ਹੀ 50 ਪ੍ਰਤੀਸ਼ਤ ਵਧਾ ਦਿੱਤੀਆਂ ਹਨ ਅਤੇ ਹੁਣ ਇਹ 0.5 ਅਮਰੀਕੀ ਡਾਲਰ ਪ੍ਰਤੀ ਕਿਲੋ ਹੋ ਗਈ ਹੈ। ਏਸ ਲਈ ਖੰਡ ਦੀ ਦਰਾਮਦ ਕਰਨ ਨਾਲ ਵੀ ਇਹਦੀ ਕੀਮਤ ਅਗਲੇ ਇੱਕ ਸਾਲ ਤਕ ਘਟੇਗੀ ਨਹੀਂ। ਅੰਤਰਰਾਸ਼ਟਰੀ ਵਪਾਰੀਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਦੇਸ਼ ਵਿੱਚ ਐਸ ਸਮੇਂ ਸਿਰਫ 45 ਲੱਖ ਟਨ ਖੰਡ ਦਾ ਭੰਡਾਰ ਹੈ ਅਤੇ ਆਉਣ ਵਾਲੇ ਤਿਉਹਾਰਾਂ ਦੇ ਮੌਸਮ ਵਿੱਚ ਬੇਸ਼ੁਮਾਰ ਖੰਡ ਖਪਤ ਹੋਵੇਗੀ। ਸਰਕਾਰ ਖੁਦ ਇਹ ਮੰਨਣ ਲਈ ਮਜਬੂਰ ਹੈ ਕਿ ਅਜਾਰੇਦਾਰ ਕੋਲਡ ਡਰਿੰਕ ਕੰਪਣੀਆਂ ਅਤੇ ਬਿਸਕੁਟ ਕੰਪਣੀਆਂ ਨੇ ਹੁਣ ਤੋਂ ਹੀ ਚੀਨੀ ਦੇ ਵੱਡੇ ਭੰਡਾਰ ਜਮਾਂ ਕਰ ਲਏ ਹਨ।

- ਇੱਕ ਸਾਲ ਗੰਨੇ ਦੀ ਭਰਵੀਂ ਪੈਦਾਵਾਰ ਅਤੇ ਗੰਨੇ ਦੀ ਖ਼ੀਦ ਕੀਮਤ ਘਟ ਜਾਣਾ, ਫਿਰ ਅਗਲੇ ਸਾਲ ਘੱਟ ਪੈਦਾਵਾਰ ਅਤੇ ਕੀਮਤ ਦਾ ਵਧ ਜਾਣਾ, ਇਹ ਸਿਲਸਿਲਾ ਏਨੀ ਬਾਰੀ ਦੁਹਰਾਇਆ ਗਿਆ ਹੈ ਕਿ ਅਸੀਂ ਸਿਰਫ ਇਹੀ ਸਿੱਟਾ ਕੱਢ ਸਕਦੇ ਹਾਂ ਕਿ ਇਹ ਜਾਣ-ਬੁੱਝਕੇ ਗਿਣੀ-ਮਿੱਥੀ ਯੋਜਨਾ ਅਨੁਸਾਰ ਕੀਤਾ ਜਾਂਦਾ ਹੈ ਤਾਂ ਕਿ ਸਰਮਾਏਦਾਰ ਮਿੱਲ ਮਾਲਕ ਅਤੇ ਖੰਡ ਦੀਆਂ ਵਪਾਰੀ ਕੰਪਣੀਆਂ ਨੂੰ ਏਸ ਨਾਲ ਵੱਧ ਤੋਂ ਵੱਧ ਕਮਾਈ ਹੋਵੇ। 1993-94 ਵਿੱਚ ਖੰਡ ਦਾ ਉਤਪਾਦਨ ਸਿਰਫ 98 ਲੱਖ ਟਨ ਸੀ ਲੇਕਿਨ 1995-96 'ਚ ਅਚਾਨਕ ਵਧਕੇ 165 ਲਖ ਟਨ ਹੋ ਗਿਆ। ਫਿਰ 1996-97 ਵਿੱਚ ਇਹ ਘਟੇਕ 129 ਲੱਖ ਟਨ ਰਹਿ ਗਿਆ ਅਤੇ 1999-2000 ਵਿੱਚ ਦੁਬਾਰਾ ਵਧਕੇ 182 ਲੱਖ ਟਨ ਹੋ ਗਿਆ। ਗੰਨੇ ਦੀਆਂ ਕੀਮਤਾਂ ਵਿੱਚ ਵੱਡੇ ਉਤਰਾਅ-ਚੜ੍ਹਾ ਕਾਰਨ ਗੰਨੇ ਦੀ ਪੈਦਾਵਾਰ 'ਚ ਬਾਰ-ਬਾਰ ਆ ਰਹੇ ਉਤਹਾਅ-ਚੜਾ ਕਿਸਾਨਾਂ ਨੂੰ ਤਬਾਹ ਕਰ ਰਹੇ ਹਨ। ■

## ਜ਼ਮੀਨ ਅਸਮਾਨ ਦਾ ਅੰਤਰ...

**ਸਫਾ 1 ਦੀ ਬਾਕੀ**

ਮਨਮੋਹਣ ਸਿੰਘ ਸਰਕਾਰ ਦੀ ਕਹਿਣੀ ਅਤੇ ਕਰਨੀ ਵਿਚਾਲੇ ਏਨੇ ਵੱਡੇ ਅੰਤਰ ਦੀ ਵਜਾਹ ਇਹ ਹੈ ਕਿ ਸਰਕਾਰ ਨੇ ਮੁੱਠੀ-ਭਰ ਸਰਮਾਏਦਾਰਾਂ ਵਲੋਂ ਅਧਿਕਤਮ ਪੂੰਜੀ-ਸੰਗ੍ਰਿਣ ਦੀ ਆਰਥਕ ਦਿਸ਼ਾ ਅਪਣਾਈ ਹੈ ਅਤੇ ਇਸਨੂੰ ਉਹ ਗਰੀਬੀ ਹਟਾਉਣ ਦਾ ਇੱਕ ਬੇਹਤਰੀਨ ਤਰੀਕਾ ਕਹਿ ਰਹੀ ਹੈ। ਲੇਕਿਨ ਇਸ ਦਿਸ਼ਾ ਵੱਲ ਚਲਣ ਨਾਲ ਆਮ ਮਿਹਨਤਕਸ਼ ਲੋਕਾਂ ਦੀਆਂ ਕਠਨਾਈਆਂ ਅਤੇ ਅਸੁਰੱਖਿਆ ਵਿੱਚ ਵਾਧਾ ਹੀ ਹੋਵੇਗਾ। ਕੀ ਪ੍ਰਧਾਨ ਮੰਤਰੀ ਸਾਨੂੰ ਇਹ ਯਕੀਨ ਦੁਆ ਸਕਦਾ ਹੈ ਕਿ ਪੂੰਜੀਪਤੀਆਂ ਦੀ ਆਰਥਕ ਖੁਸ਼ਹਾਲੀ ਦਾ ਮਤਲਬ ਮਜਦੂਰਾਂ ਕਿਸਾਨਾਂ ਦੀ ਖੁਸ਼ਹਾਲੀ ਹੈ, ਜਦ ਕਿ ਸਾਡਾ ਤਜਰਬਾ ਬਿਲਕੁੱਲ ਇਸਦੇ ਉਲਟ ਰਿਹਾ ਹੈ? ਗਰੀਬਾਂ ਦੀ ਕੀਮਤ ਤੇ ਨਹੀਂ ਤਾਂ ਹੋਰ ਕਿਵੇਂ ਅਮੀਰਾਂ ਦੀ ਅਮੀਰੀ ਵਧ ਸਕਦੀ ਹੈ? ਬੀਤੇ ਦੋ ਦਹਾਕਿਆਂ ਦਾ ਸਾਡਾ ਤਜਰਬਾ ਇਹੀ ਦਿਖਾਉਂਦਾ ਹੈ ਕਿ ਜਦ ਆਰਥਕ ਉੱਨਤੀ ਤੇਜ਼ੀ ਨਾਲ ਹੋ ਰਹੀ ਸੀ, ਤਾਂ ਮੁਨਾਫਿਆਂ ਅਤੇ ਤਨਖਾਹਾਂ ਵਿਚਾਲੇ ਅੰਤਰ ਲਗਾਤਾਰ ਵਧਦਾ ਰਿਹਾ, ਜੋ ਸਰਮਾਏਦਾਰਾਂ ਦੇ "ਬੂੰਦਾਂ ਹੇਠਾਂ ਵੱਲ ਟਪਕਣਗੀਆਂ" ਦੇ ਪ੍ਰਚਾਰ ਨੂੰ ਝੂਠਾ ਸਾਬਤ ਕਰਦਾ ਹੈ। ਪ੍ਰਧਾਨ ਮੰਤਰੀ ਕੋਲ ਕੋਈ ਐਸੀ ਜਾਦੂ ਦੀ ਛੜੀ ਤਾਂ ਹੈ ਨਹੀਂ ਜਿਹੜੀ ਪੂੰਜੀਵਾਦੀ-ਸਾਮਰਾਜਵਾਦੀ ਦਿਸ਼ਾ ਤੇ ਚੱਲਣ ਦੇ ਅਟੱਲ ਪਰਿਣਾਮਾਂ ਨੂੰ ਟਾਲ਼ ਸਕੇ!

ਰਾਜਧਰਮ ਦੇ ਹਿੰਦੋਸਤਾਨੀ ਰਾਜਨੀਤਕ ਸਿਧਾਂਤ ਮੁਤਾਬਕ, ਸੱਭ ਲੋਕਾਂ ਨੂੰ ਸੁੱਖ ਅਤੇ ਸੁੱਰਖਿਆ ਪ੍ਰਦਾਨ ਕਰਨਾ ਰਾਜ ਦਾ ਫਰਜ਼ ਹੈ। ਇਹ ਗੱਲ ਇਤਿਹਾਸ 'ਚ ਦਰਜ ਹੈ ਕਿ ਕਈ ਸਦੀਆਂ ਪਹਿਲਾਂ, ਸ਼ੇਰ ਸ਼ਾਹ ਸੂਰੀ ਨੇ ਸੋਕੇ ਦੇ ਸਮੇਂ ਲੋਕਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਇੱਕ ਸਰਵਜਨਕ ਵਿਤਰਣ ਪ੍ਰਣਾਲੀ ਕਾਇਮ ਕੀਤੀ ਸੀ ਅਤੇ ਜ਼ਖੀਰੇਬਾਜ਼ਾਂ ਅਤੇ ਕਾਲਾਬਜ਼ਾਰੀਆਂ ਦੇ ਖਿਲਾਫ ਸਖਤ ਕਦਮ ਉਠਾਏ ਸਨ। ਐਸਾ ਕਰਨ ਵਾਲੇ ਹੋਰ ਵੀ ਬਹੁਤ ਰਾਜੇ ਇਤਿਹਾਸ 'ਚ ਮਿਲਦੇ ਹਨ।

ਅਜ਼ਾਦ ਹਿੰਦੋਸਤਾਨ ਵਿੱਚ ਹਾਕਮ ਸਰਕਾਰਾਂ ਨੇ ਹੌਲੀ ਹੌਲੀ ਸਰਵਜਨਕ ਵਿਤਰਣ ਪ੍ਰਣਾਲੀ

**ਬਾਕੀ ਸਫਾ 6 'ਤੇ**

# ਜ਼ਮੀਨ ਅਸਮਾਨ ਦਾ ਅੰਤਰ...

**ਸਫਾ 5 ਦੀ ਬਾਕੀ**

(ਰਾਸ਼ਣ ਪ੍ਰਣਾਲੀ) ਦੀ ਧਾਰਨਾ ਨੂੰ ਹੀ ਮਿਟਾ ਦਿੱਤਾ ਹੈ। ਪਹਿਲਾਂ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਸਿਰਫ ਕਣਕ ਅਤੇ ਚੌਲਾਂ ਦੀ ਖ਼੍ਰੀਦ ਅਤੇ ਰਾਸ਼ਣ ਦੀ ਪ੍ਰਣਾਲੀ ਲਾਗੂ ਕੀਤੀ। ਇਸਦਾ ਉਦੇਸ਼ ਵਿਦੇਸ਼ੀ ਤਾਕਤਾਂ ਉੱਤੇ ਨਿਰਭਰਤਾ ਨੂੰ ਘਟਾਉਣਾ ਅਤੇ ਔਖੇ ਵਕਤ ਅਨਾਜ ਲਈ ਦੰਗਿਆਂ ਤੋਂ ਬਚਣ ਖਾਤਰ ਕੇਂਦਰੀ ਰਾਜ ਦੇ ਭੰਡਾਰਾਂ ‘ਚ ਅਨਾਜ ਜਮਾਂ ਕਰਨ ਸੀ। ਉਦਾਰੀਕਰਣ ਅਤੇ ਨਿੱਜੀਕਰਣ ਦੇ ਦੌਰ ਅੰਦਰ, ਕਾਂਗਰਸ ਅਤੇ ਭਾਜਪਾ ਦੋਨਾਂ, ਦੀਆਂ ਸਰਕਾਰਾਂ ਨੇ ਸਿਰਫ “ਗਰੀਬੀ ਰੇਖਾ ਤੋਂ ਹੇਠਲੇ” (ਬੀ.ਪੀ.ਐਲ.) ਪ੍ਰੀਵਾਰਾਂ ਨੂੰ ਰਾਸ਼ਣ ਦੇਣ ਦੇ ਨਾਂ ਤੇ ਰਾਸ਼ਣ ਪ੍ਰਣਾਲੀ ਨੂੰ ਬਹੁਤ ਹੀ ਸੀਮਿਤ ਜਾਂ ਲੱਗ-ਭਗ ਖਤਮ ਹੀ ਕਰ ਦਿੱਤਾ ਹੈ।

ਹਿੰਦੋਸਤਾਨੀ ਰਾਜਨੀਤਕ ਸਿਧਾਂਤ ਅੰਦਰ ਸਿੰਚਾਈ ਪ੍ਰਬੰਧ ਸਥਾਪਤ ਕਰਨਾ ਰਾਜ ਦਾ ਇੱਕ ਮੁੱਖ ਕਰਤੱਵ ਮੰਨਿਆਂ ਜਾਂਦਾ ਸੀ। ਇਹਦੇ ਬਦਲੇ ‘ਚ, ਕਿਸਾਨ ਦਾ ਕਰਤੱਵ ਸੀ ਕਿ ਉਹ ਸਮਾਜ ਦੀਆਂ ਲੋੜਾਂ ਮੁਤਾਬਕ ਫਸਲ ਉਗਾਵੇ ਅਤੇ ਆਪਣੀ ਉਪਜ ਦਾ ਕੁੱਝ ਹਿੱਸਾ ਰਾਜ ਨੂੰ ਮਾਲੀਏ ਦੇ ਰੂਪ ‘ਚ ਦੇਵੇ। ਅਜ਼ਾਦ ਹਿੰਦੋਸਤਾਨ ਅੰਦਰ ਸਰਕਾਰਾਂ ਨੇ ਸਿੰਚਾਈ ਵਿਵਸਥਾ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਹੈ; ਜਮੀਨ ਹੇਠਲੇ ਪਾਣੀ ਦੀ ਬੇਲਗਾਮ ਨਿੱਜੀ ਲੁੱਟ ਦੀ ਖੁੱਲ੍ਹ ਦੇ ਰੱਖੀ ਹੈ; ਅਤੇ ਮੁੱਠੀ-ਭਰ ਸਰਮਾਏ-ਦਾਰਾਂ ਦੇ ਵੱਧ ਤੋਂ ਵੱਧ ਮੁਨਾਫੇ ਬਣਾਉਣ ਲਈ ਇੱਕੋ ਫਸਲ ਨੂੰ ਬਾਰ-ਬਾਰ ਉਗਾਕੇ ਜ਼ਮੀਨ ਦੀ ਉਪਜਾਊ-ਸ਼ਕਤੀ ਨਸ਼ਟ ਕਰ ਦਿੱਤੀ ਹੈ।

ਆਪਣੇ ਭਾਸ਼ਣ ਵਿੱਚ, ਮਨਮੋਹਨ ਸਿੰਘ ਨੇ ਕਿਹਾ ਕਿ ਜਮਹੂਰੀਅਤ ਅੰਦਰ ਹਿੰਸਾ ਦੀ ਵਰਤੋਂ ਘ੍ਰਿਣਾਜਨਕ ਹੈ, ਇਸ ਲਈ ਇਹਨੂੰ ਸਖਤੀ ਨਾਲ ਕੁਚਲਿਆ ਜਾਵੇਗਾ। ਐਪਰ ਇਹ ਜਮਹੂਰੀਅਤ ਰਾਜਕੀ ਦਹਿਸ਼ਤ (ਹਿੰਸਾ) ਨੂੰ ਘ੍ਰਿਣਾਜਨਕ ਨਹੀਂ ਮੰਨਦੀ। ਇਸ ਜਮਹੂਰੀਅਤ ਅੰਦਰ ਹਥਿਆਰਬੰਦ ਬਲਾਂ ਦੁਆਰਾ ਕਸ਼ਮੀਰ ਵਿੱਚ ਔਰਤਾਂ ਦੇ ਬਲਾਤਕਾਰ ਅਤੇ ਕਤਲ, ਇੰਫਾਲ (ਮਣੀਪੁਰ) ਵਿੱਚ ਦਿਨ-ਦਿਹਾੜੇ ਨੌਜਵਾਨਾਂ ਅਤੇ ਔਰਤਾਂ ਦੇ ਕਤਲਾਂ ਦੀ ਪੂਰੀ ਖੁੱਲ੍ਹ ਹੈ। ਦੁਨੀਆਂ ਦੀ ਇਸ ਵਿਸ਼ਾਲਤਮ ਜਮਹੂਰੀਅਤ ਅੰਦਰ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਕਨੂੰਨ ਵਰਗੇ ਕਾਲੇ ਤੇ ਜ਼ਾਬਰ ਕਨੂੰਨ ਜਾਇਜ਼ ਕਰਾਰ ਦਿੱਤੇ ਜਾਂਦੇ ਹਨ, ਜੋ ਫੌਜ ਨੂੰ ਸਿਰਫ ਸ਼ੱਕ ਦੇ ਅਧਾਰ ਤੇ ਹਿਰਾਸਤ ‘ਚ ਲੈਣ, ਤਸ਼ੱਦਦ ਕਰਨ, ਬਲਾਤਕਾਰ ਅਤੇ ਕਤਲ ਕਰਨ ਦੀ ਖੁੱਲ੍ਹੀ ਛੁੱਟੀ ਦਿੰਦੇ ਹਨ।

ਜੋ ਵੀ ਲੋਕ ਸੁਣਨਾ ਚਾਹੁੰਦੇ ਹਨ ਉਹੋ ਕੁੱਝ ਕਹਿਣਾ ਅਤੇ ਅਮਲ ਵਿੱਚ ਉਹਦੇ ਬਿਲਕੁੱਲ ਉਲਟ ਕੰਮ ਕਰਨਾ, ਜਾਣੀ ਕਿ ਵੱਡੇ ਸਰਮਾਏਦਾਰਾਂ ਦੇ ਹਿੱਤ ‘ਚ ਕੰਮ ਕਰਨਾ – ਹਿੰਦੋਸਤਾਨੀ ਹੁਕਮਰਾਨਾਂ ਦਾ ਪਿਛਲੇ 62 ਸਾਲਾਂ ਤੋਂ ਏਹੀ ਦਸਤੂਰ ਰਿਹਾ ਹੈ। ਮਨਮੋਹਣ ਸਿੰਘ ਉਸ ਜਮਾਤ ਦਾ ਇੱਕ ਵਫਾਦਾਰ ਮੁਦਈ ਹੈ – ਉਹ ਆਪਣੇ ਤੋਂ ਪਹਿਲੇ ਪ੍ਰਧਾਨ ਮੰਤਰੀਆਂ ਅਤੇ ਉਨ੍ਹਾਂ ਸੱਭ ਰਾਜਨੀਤਕ ਨੇਤਾਵਾਂ ਦੀ ਰਵਾਇਤ ਨੂੰ ਬੁਲੰਦ ਰੱਖ ਰਿਹਾ ਹੈ, ਜਿਨ੍ਹਾਂ ਨੇ ਲੋਕਾਂ ਦੇ ਪੱਖ ‘ਚ ਬਹੁਤ ਹੀ ਭਾਵੁਕ ਹੋਕੇ ਭਾਸ਼ਣ ਦਿੱਤੇ ਅਤੇ ਹੰਝੂ ਵੀ ਵਹਾਏ, ਪਰ ਕੰਮ ਸਰਮਾਏਦਾਰ ਜਮਾਤ ਦਾ ਹੀ ਕਰਦੇ ਰਹੇ।

ਕਹਿਣੀ ਅਤੇ ਕਰਨੀ ਵਿਚਾਲੇ ਇਸ ਵੱਡੇ ਅੰਤਰ ਨੂੰ ਖਤਮ ਕਰਨ ਦਾ ਸਿਰਫ ਇੱਕ ਹੀ ਤਰੀਕਾ ਹੈ। ਅਤੇ ਉਹ ਇਹ ਹੈ ਕਿ ਆਰਥਕਤਾ ਦੀ ਦਿਸ਼ਾ ਵਿੱਚ ਅਤੇ ਰਾਜਸੱਤਾ ਦੇ ਚਰਿਤ੍ਰ ਵਿੱਚ ਬੁਨਿਆਦੀ ਤਬਦੀਲੀਆਂ ਕੀਤੀਆਂ ਜਾਣ। ਸਾਨੂੰ ਜਰੂਰਤ ਹੈ ਇੱਕ ਨਵੀਂ ਰਾਜਨੀਤਕ ਸੱਤਾ ਕਾਇਮ ਕਰਨ ਦੀ ਜੋ ਅਜੇਹੀਆਂ ਤਬਦੀਲੀਆਂ ਲਿਆਉਣ ਦੀ ਇੱਛਾ ਅਤੇ ਸਮਰੱਥਾ ਰੱਖਦੀ ਹੋਵੇ। ਅਜੇਹੀ ਰਾਜਨੀਤਕ ਸੱਤਾ ਦੇ ਬਾਗਡੋਰ ਮਜਦੂਰ ਜਮਾਤ ਦੇ ਹੱਥਾਂ ‘ਚ ਹੋਣੀ ਚਾਹੀਦੀ ਹੈ ਅਤੇ ਇਹ ਮਜਦੂਰ-ਕਿਸਾਨ ਗਠਜੋੜ ਤੇ ਅਧਾਰਤ ਹੋਣੀ ਚਾਹੀਦੀ ਹੈ। ਤਦ ਸਮਾਜ ਦੇ ਸੱਭ ਮੈਂਬਰਾਂ ਦੇ ਸੁੱਖ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ■

## ਅਸਲੀ ਹਾਲਤ

- ਆਮ ਲੋਕਾਂ ਦੇ ਰੋਜ਼ਾਨਾ ਉਪਭੋਗ ਦੀਆਂ ਵਸਤਾਂ, ਜਿਵੇਂ ਕਿ ਅਨਾਜ, ਦਾਲਾਂ, ਖੰਡ, ਦੁੱਧ, ਅੰਡੇ, ਖਾਣਾ ਪਕਾਉਣ ਵਾਲਾ ਤੇਲ ਅਤੇ ਮੌਸਮੀ ਸਬਜ਼ੀਆਂ ਦੀਆਂ ਕੀਮਤਾਂ ਦਿਨ-ਬ-ਦਿਨ ਵਧਦੀਆਂ ਜਾ ਰਹੀਆਂ ਹਨ। ਆਲੂ ਅਤੇ ਪਿਆਜ਼, ਜਿਨ੍ਹਾਂ ਨੂੰ ਗਰੀਬ ਲੋਕਾਂ ਦਾ ਮੂਲ ਭੋਜਨ ਮੰਨਿਆਂ ਜਾਂਦਾ ਹੈ, ਇਨ੍ਹਾਂ ਦੀਆਂ ਕੀਮਤਾਂ ਵੀ ਲਗਾਤਾਰ ਉੱਚੀਆਂ ਹੀ ਰਹੀਆਂ ਹਨ।
- ਬੀਤੇ ਦਹਾਕੇ ਵਿੱਚ ਅਨਾਜ ਦੇ ਉਤਪਾਦਨ ਵਿੱਚ ਵਾਧਾ ਬਹੁਤ ਘੱਟ ਹੋਇਆ ਹੈ, ਜੋ ਵਧਦੀ ਅਬਾਦੀ ਦੇ ਬਰਾਬਰ ਵੀ ਨਹੀਂ ਹੈ। ਦਾਲਾਂ ਦੀ ਪੈਦਾਵਾਰ ‘ਚ ਲਗਾਤਾਰ ਗਿਰਾਵਟ ਆ ਰਹੀ ਹੈ।
- ਇਸ ਸਾਲ, ਦੇਸ਼ ਇੱਕ ਭਿਆਨਕ ਸੋਕੇ ਦਾ ਸਾਹਮਣਾ ਕਰ ਰਿਹਾ ਹੈ। ਝੋਨੇ ਅਤੇ ਦਾਲਾਂ ਦੀ ਫਸਲ ਉਤੇ ਇਸਦਾ ਮਾਰੂ ਪ੍ਰਭਾਵ ਪੈ ਰਿਹਾ ਹੈ। ਬਰਸਾਤ ਦੇ ਫੇਲ੍ਹ ਹੋ ਜਾਣ ਕਾਰਨ ਇਨ੍ਹਾਂ ਹੇਠ ਰਕਬਾ ਬਹੁਤ ਘੱਟ ਹੈ, ਅਤੇ ਜੋ ਹੈ ਵੀ ਉਸ ਦਾ ਵੀ ਕੋਈ ਜ਼ਿਆਦਾ ਭਰੋਸਾ ਨਹੀਂ। ਉੱਤਰ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ, ਮਧ ਪ੍ਰਦੇਸ਼, ਮਹਾਂਰਾਸ਼ਟਰ, ਆਦਿ ਵਿੱਚ ਜਿੱਥੇ ਕਿਸਾਨ ਅੱਜ ਵੀ ਸਿੰਚਾਈ ਲਈ ਮੀਂਹ ਉੱਤੇ ਨਿਰਭਰ ਹਨ ਉੱਥੇ ਵੀ ਏਹੋ ਹਾਲਤ ਹੈ। ਉਥੇ ਲੋਕਾਂ ਨੇ ਸੰਕਟ ਨਾਲ ਨਿਪਟਣ ਲਈ ਆਪਣੇ ਪਸ਼ੂ ਤਕ ਵੇਚਣੇ ਸ਼ੁਰੂ ਕਰ ਦਿੱਤੇ ਹਨ। ਕਿਸਾਨਾਂ ਦੀਆਂ ਖੁਦਕੁਸ਼ੀਆਂ ਵੀ ਜਾਰੀ ਹਨ।
- ਇਹ ਸੱਭ ਏਸ ਸੱਚਾਈ ਦੇ ਬਾਵਜੂਦ ਹੋ ਰਿਹਾ ਹੈ ਕਿ ਸਾਡੇ ਦੇਸ਼ ਅੰਦਰ ਜਨਤਾ ਦੀਆਂ ਰੋਜ਼ੀ-ਰੋਟੀ ਦੀਆਂ ਬੁਨਿਆਦੀ ਸਮੱਸਿਆਵਾਂ ਹੱਲ ਕਰਨ ਲਈ ਪੂੰਜੀ, ਤਕਨੀਕਾਂ, ਸਿੱਖਿਅਤ ਮਾਨਵ ਸਾਧਨਾਂ ਜਾਂ ਕੁਦਰਤੀ ਸਾਧਨਾਂ ਦੀ ਕੋਈ ਥੁੜ੍ਹੋਂ ਨਹੀਂ ਹੈ! ■

**Internet Edition**

■ Mazdoor Ekta Lehar (Hindi Fortnightly)

■ People's Voice (English Fortnightly)

■ Lok Awaz (Punjabi Monthly)

http://www.cgpi.org

E-mail:- mail@cgpi.org

e-mail : melpaper@yahoo.com

# ਹਫਤੇ ਵਿੱਚ ਕੰਮ ਦੇ ਘੰਟੇ 60 ਕਰਨ ਦੀ ਤਜ਼ਵੀਜ – ਅਤਿ-ਦਰਜ਼ੇ ਦੀ ਲੁੱਟ ਨੂੰ ਕਨੂੰਨੀ ਬਨਾਉਣ ਦਾ ਯਤਨ

ਜੁਲਾਈ ਵਿੱਚ ਕੇਂਦਰੀ ਬੱਜ਼ਟ ਪੇਸ਼ ਕਰਨ ਤੋਂ ਪਹਿਲਾਂ, ਵਿੱਤ ਮੰਤਰੀ ਪਰਣਬ ਮੁਖ਼ਰਜੀ ਨੇ, ਆਰਥਕ ਸਰਵੇਖਣ ਨਾਮਕ ਰਿਪ੍ਰੋਟ ਪੇਸ਼ ਕੀਤੀ ਸੀ। ਉਹਦੇ ਵਿੱਚ ਕਈ ਸ਼ਰੇਆਮ ਮਜਦੂਰ-ਵਿਰੋਧੀ ਤਜ਼ਵੀਜ਼ਾਂ ਸਨ। ਇਨ੍ਹਾਂ 'ਚ ਇੱਕ ਤਜ਼ਵੀਜ ਇਹ ਸੀ ਕਿ ਸਰਕਾਰ ਫੈਕਟਰੀ ਕਨੂੰਨ ਵਿੱਚ ਸੋਧ ਕਰਕੇ, ਹਫਤੇ ਵਿੱਚ 60 ਘੰਟੇ ਅਤੇ ਰੋਜ਼ਾਨਾ 12 ਘੰਟੇ ਕੰਮ ਨੂੰ ਕਨੂੰਨੀ ਜਾਮਾ ਪਹਿਨਾਵੇ। ਐਸ ਵਕਤ ਜੋ ਫੇਕਟਰੀ ਕਨੂੰਨੀ 1948 ਲਾਗੂ ਹੈ, ਉਹਦੇ ਅਨੁਸਾਰ ਪ੍ਰਤੀ ਹਫਤਾ ਵੱਧ ਤੋਂ ਵੱਧ 48 ਘੰਟੇ ਪ੍ਰਤੀ ਦਿਨ 9 ਘੰਟੇ ਕੰਮ ਲਿਆ ਜਾ ਸਕਦਾ ਹੈ।

ਦੁਨੀਆਂ-ਭਰ ਵਿੱਚ ਛਾਏ ਆਰਥਕ ਮੰਦਵਾੜੇ ਅਤੇ ਹਿੰਦੋਸਤਾਨ ਅੰਦਰ ਉਦਯੋਗਕ ਮੰਦੀ ਦੀ ਵਜ੍ਹਾ ਕਰਕੇ, ਕਈ ਖੇਤਰਾਂ 'ਚ ਕਾਰਖਾਨੇ ਬੰਦ ਕਰ ਦਿੱਤੇ ਗਏ ਹਨ, ਅਤੇ ਭਾਰੀ ਸੰਖਿਆ ਵਿੱਚ ਮਜਦੂਰਾਂ ਦੀ ਛਾਂਟੀ ਕੀਤੀ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਪਿਛਲੇ ਇੱਕ ਵਰ੍ਹੇ ਅੰਦਰ ਹੀ ਦਸਾਂ-ਲੱਖਾਂ ਮਜਦੂਰਾਂ ਨੇ ਆਪਣੀਆਂ ਨੌਕਰੀਆਂ ਗੁਆਈਆਂ ਹਨ। ਸਰਮਾਏਦਾਰ, ਮੰਦੀ ਦੀ ਸਥਿਤੀ ਦਾ ਬਹਾਨਾ ਬਣਾਕੇ, ਸੱਭ ਖੇਤਰਾਂ ਅੰਦਰ ਮਜਦੂਰਾਂ ਦੀ ਲੁੱਟ ਨੂੰ ਖੂਬ ਤੇਜ਼ ਕਰ ਰਹੇ ਹਨ। 60 ਘੰਟੇ ਪ੍ਰਤੀ ਹਫਤਾ ਕੰਮ ਨੂੰ ਕਨੂੰਨੀ ਜਾਮਾ ਪਹਿਨਾਉਣਾ, ਮਜਦੂਰ ਜਮਾਤ ਦੇ ਜੀਵਨ ਮਿਆਰ ਅਤੇ ਅਧਿਕਾਰਾਂ ਉੱਤੇ ਸਰਮਾਏਦਾਰਾਂ ਦੇ ਇਸ ਵਿਸ਼ਾਲ ਹਮਲੇ ਦਾ ਹੀ ਇੱਕ ਹਿੱਸਾ ਹੈ।

ਸਰਮਾਏਦਾਰ ਦਾ ਮੁਨਾਫਾ, ਮਜਦੂਰ ਤੋਂ ਨਿਚੋੜੀ ਗਈ ਵਾਧੂ ਕਦਰ ਜਾਂ ਅਭੁਗਤ ਮਿਹਨਤ ਤੋਂ ਪ੍ਰਾਪਤ ਹੁੰਦਾ ਹੈ। ਕਿੰਨੀ ਵਾਧੂ ਕਦਰ ਨਿਚੋੜੀ ਜਾਵੇਗੀ, ਇਸ ਉੱਤੇ ਮਜਦੂਰਾਂ ਅਤੇ ਸਰਮਾਏਦਾਰਾਂ ਵਿਚਕਾਰ ਲਗਾਤਾਰ ਸੰਘਰਸ਼ ਚਲਦਾ ਰਹਿੰਦਾ ਹੈ। ਕੰਮ ਦੇ ਹਰ ਦਿਨ ਮਜਦੂਰ ਕੁੱਝ ਘੰਟੇ ਆਪਣੀ ਤਨਖਾਹ ਲਈ ਕੰਮ ਕਰਦਾ ਹੈ ਅਤੇ ਬਾਕੀ ਘੰਟੇ ਵਾਧੂ ਕਦਰ ਪੈਦਾ ਕਰਨ ਲਈ ਕੰਮ ਕਰਦਾ ਹੈ, ਜੋ ਸਰਮਾਏਦਾਰ ਦੀ ਜੇਬ 'ਚ ਜਾਂਦੀ ਹੈ। ਸਰਮਾਏਦਾਰ ਇਸ ਵਾਧੂ ਕਦਰ ਨੂੰ ਵਧਾਉਣ ਦੀ, ਜਾਣੀਕਿ ਭੁਗਤਾਨ ਵਾਲੀ ਮਿਹਨਤ ਦੀ ਤੁਲਨਾ ਅਭੁਗਤ (ਬਿਨਾਂ ਭੁਗਤਾਨ) ਮਿਹਨਤ ਦੀ ਮਾਤਰਾ ਵਧਾਉਣ ਦੇ ਯਤਨ ਕਰਦਾ ਹੈ। ਇਹਦੇ ਲਈ ਸਰਮਾਏਦਾਰ ਕੋਲ ਸੱਭ ਤੋਂ ਕੁਸ਼ਲ ਤਰੀਕਾ ਕੰਮ ਦੇ ਦਿਨ ਦੀ ਲੰਬਾਈ ਨੂੰ ਵਧਾਉਣ ਦਾ ਤਰੀਕਾ ਹੈ।

ਮਜਦੂਰ ਸੁਭਾਵਿਕ ਹੀ, ਕੰਮ ਦੇ ਪ੍ਰਤੀ ਦਿਨ ਘੰਟੇ ਵਧਾਉਣ ਦੀਆਂ ਸੱਭ ਕੋਸ਼ਿਸ਼ਾਂ ਦਾ ਵਿਰੋਧ ਕਰਦਾ ਹੈ, ਕਿਉਂਕਿ ਉਹਨੂੰ ਆਪਣੇ ਪ੍ਰੀਵਰ-ਜਨਾਂ ਅਤੇ ਮਿੱਤਰਾਂ ਨਾਲ ਬਿਤਾਉਣ ਲਈ, ਅਰਾਮ ਅਤੇ ਮਨੋਰੰਜਨ ਲਈ ਘੱਟ ਵਕਤ ਮਿਲੇਗਾ। ਮਜਦੂਰਾਂ ਦੇ ਨਜ਼ਰੀਏ ਤੋਂ, ਪ੍ਰਤੀ ਦਿਨ ਕੰਮ ਦੇ ਘੰਟੇ ਘੱਟ ਰੱਖਣਾ, ਆਪਣੇ ਜੀਵਨ ਸਿਆਰ ਨੂੰ ਬਰਕਰਾਰ ਰੱਖਣ ਅਤੇ ਬਿਹਤਰ ਬਣਾਉਣ ਦੇ ਸੰਘਰਸ਼ ਦਾ ਇੱਕ ਮੁੱਖ ਮੁੱਦਾ ਹੈ।

ਫੇਕਟਰੀ ਕਨੂੰਨ 1948, ਵੱਡੇ ਉਦਯੋਗਕ ਅਦਾਇਆਂ ਵਿੱਚ ਕੰਮ ਕਰਨ ਵਾਲੇ ਮਜਦੂਰਾਂ ਦੀ ਅਗਵਾਈ ਹੇਠ, ਦੇਸ਼ ਦੀ ਮਜਦੂਰ ਜਮਾਤ ਦੇ ਅਨੇਕ ਵਰ੍ਹਿਆਂ ਦੇ ਸੰਘਰਸ਼ ਦਾ ਸਿੱਟਾ ਸੀ। ਇਸ ਕਨੂੰਨ ਦੇ ਮੁਤਾਬਕ, ਮਜਦੂਰਾਂ ਨੂੰ ਪ੍ਰਤੀ ਦਿਨ ਵੱਧ ਤੋਂ ਵੱਧ ਦੋ ਘੰਟੇ ਓਵਰ-ਟਾਈਮ ਕਰਨ ਨੂੰ ਕਿਹਾ ਜਾ ਸਕਦਾ ਹੈ, ਜਿਹਦੇ ਲਈ ਉਨ੍ਹਾਂ ਨੂੰ ਦੁੱਗਣੀ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ, ਜਾਣੀ, ਜੇਕਰ ਮਜਦੂਰ ਕਿਸੇ ਦਿਨ ਦੋ ਘੰਟੇ ਓਵਰ-ਟਾਈਮ ਕਰਦਾ ਹੈ ਤਾਂ ਉਹਨੂੰ ਚਾਰ ਘੰਟੇ ਦੀ ਵਾਧੂ ਤਨਖਾਹ ਮਿਲਣੀ ਚਾਹੀਦੀ ਹੈ।

1948 'ਚ ਇਸ ਕਨੂੰਨ ਨੂੰ ਲਾਗੂ ਕਰਨ ਤੋਂ ਬਾਅਦ, ਸਰਮਾਏਦਾਰਾਂ ਨੇ ਮਜਦੂਰਾਂ ਦੀ ਵੱਧ ਤੋਂ ਵੱਧ ਲੁੱਟ ਕਰਨ ਲਈ, ਇਸ ਕਨੂੰਨ ਦੀਆਂ ਮੱਦਾਂ ਦਾ ਉਲੰਘਣ ਕਰਨ ਦੇ ਬਹੁਤ ਸਾਰੇ ਢੰਗ ਬਣਾ ਲਏ ਹਨ। ਇਨ੍ਹਾਂ 'ਚੋਂ ਇੱਕ ਮੁੱਖ ਢੰਗ ਹੈ ਵੱਧ ਤੋਂ ਵੱਧ ਮਜਦੂਰਾਂ ਨੂੰ ਇਸ ਕਨੂੰਨ ਦਾ ਦਾਇਰੇ ਤੋਂ ਬਾਹਰ ਰੱਖਣਾ।

ਇਹ ਫੈਕਟਰੀ ਕਨੂੰਨ, ਦੇਸ਼ ਦੇ ਸੱਭ ਰਜਿਸਟ੍ਰਡ ਕਾਰੋਬਾਰਾਂ ਵਿੱਚ ਲਾਗੂ ਹੁੰਦਾ ਹੈ। ਉਤਪਾਦਨ ਦੇ ਸੰਗਠਤ ਖੇਤਰ ਅੰਦਰ ਏ.ਐਸ.ਆਈ. ਵਲੋਂ ਸਰਵੇਖਣ ਕੀਤਾ ਜਾਂਦਾ ਹੈ। 1999-2000 ਦੇ ਅਰਸੇ ਲਈ, ਏ.ਐਸ.ਆਈ. ਨੇ 2000-2001 ਵਿੱਚ ਜੋ ਸਰਵੇਖਣ ਕੀਤਾ ਸੀ, ਉਹਦੇ ਮੁਤਾਬਕ ਸੰਗਠਤ ਖੇਤਰ ਅੰਦਰ 1,27,000 ਇਕਾਈਆਂ ਸਨ, ਜਿਨ੍ਹਾਂ 'ਚ 62,00,000 ਮਜਦੂਰ ਕੰਮ ਕਰ ਰਹੇ ਸਨ। (ਏ.ਐਸ.ਆਈ. ਦੇ ਸਰਵੇਖਣ ਵਿੱਚ ਰੇਲਵੇ ਵਰਕਸ਼ਾਪਾਂ ਦੇ ਮਜਦੂਰ, ਬਿਜਲੀ ਉਤਪਾਦਨ ਦੇ ਮਜਦੂਰ ਅਤੇ ਕਈ ਹੋਰ ਖੇਤਰਾਂ ਦੇ ਮਜਦੂਰ ਸ਼ਾਮਲ ਨਹੀਂ ਕੀਤੇ ਜਾਂਦੇ।)

ਫਰਵਰੀ 2008 ਵਿੱਚ, ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ ਦੇ 62ਵੇਂ ਦੌਰ ਦੇ ਗੈਰ-ਰਜਿਸਟ੍ਰਡ ਕਾਰੋਬਾਰਾਂ ਦੇ ਸੱਭ ਤੋਂ ਤਾਜ਼ਾ ਅੰਕੜੇ ਜਾਰੀ ਕੀਤੇ ਗਏ ਸਨ। ਇਸ ਦੌਰ ਵਿੱਚ ਘੱਟੋ-ਘੱਟ 20 ਮਜਦੂਰਾਂ ਵਾਲੇ ਸਭ ਕਾਰੋਬਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਅੰਕੜਿਆਂ ਦੇ ਮੁਤਾਬਕ, 7,20,000 ਗੈਰ-ਰਜਿਸਟ੍ਰਡ ਕਾਰੋਬਾਰ ਹਨ, ਜਿਨ੍ਹਾਂ 'ਚ 20 ਜਾਂ ਜ਼ਿਆਦਾ ਮਜਦੂਰ ਕੰਮ ਕਰਦੇ ਹਨ। ਇਨ੍ਹਾਂ, ਚੋਂ 2,70,000 ਕਾਰੋਬਾਰਾਂ 'ਚ 50 ਤੋਂ ਜ਼ਿਆਦਾ ਮਜਦੂਰ ਕੰਮ ਕਰਦੇ ਹਨ, ਜਦਕਿ ਬਾਕੀ 4,50,000 ਕਾਰੋਬਾਰਾਂ ਵਿੱਚ 20ਤੋਂ 49 ਮਜਦੂਰ ਕੰਮ ਕਰਦੇ ਹਨ। ਇਸ ਤਰ੍ਹਾਂ, ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਰਵੇਖਣ ਦੇ ਅਰਸੇ ਦੁਰਾਨ, ਇਨ੍ਹਾਂ ਗੈਰ-ਰਜਿਸਟ੍ਰਡ ਕਾਰੋਬਾਰਾਂ ਅੰਦਰ ਘੱਟੋ-ਘੱਟ 2 ਕ੍ਰੋੜ 25 ਲੱਖ ਮਜਦੂਰ ਕੰਮ ਕਰ ਰਹੇ ਸਨ। ਇਨ੍ਹਾਂ ਸੱਭ ਮਜਦੂਰਾਂ ਨੂੰ ਫੈਕਟਰੀ ਕਨੂੰਨ ਅਧੀਨ ਕੋਈ ਭੀ ਸੁਰੱਖਿਆ ਨਹੀਂ ਮਿਲਦੀ। ਇਹ ਮਜਦੂਰ ਤਾਂ ਪਹਿਲਾਂ ਹੀ ਹਫਤੇ ਵਿੱਚ 48 ਤੋਂ ਵਧੇਰੇ ਘੰਟੇ ਕੰਮ ਕਰ ਰਹੇ ਹਨ, ਅਤੇ ਕਈ ਤਾਂ 60 ਤੋਂ ਵਧੇਰੇ ਘੰਟੇ ਕੰਮ ਕਰਦੇ ਹਨ। ਉਨ੍ਹਾਂ 'ਚੋਂ ਕੁੱਝ ਮਜਦੂਰ ਲਗਾਤਾਰ ਸੰਗਠਤ ਹੋਕੇ, ਆਪਣੇ ਮਾਲਕ ਨੂੰ ਰਜਿਸਟ੍ਰੇਸ਼ਨ ਕਰਵਾਉਣ ਲਈ ਮਜਬੂਰ ਕਰਨ ਦੇ ਯਤਨ ਕਰਦੇ ਰਹਿੰਦੇ ਹਨ, ਤਾਂ ਕਿ ਉਨ੍ਹਾਂ ਨੂੰ ਫੈਕਟਰੀ ਕਨੂੰਨ ਅਧੀਨ ਸੁਰੱਖਿਆ ਮਿਲ ਸਕੇ। ਉਹ, ਵੱਡੇ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਮਜਦੂਰਾਂ ਦੀ ਤਰ੍ਹਾਂ, ਵੱਧ ਤੋਂ ਵੱਧ ਫਾਲਤੂ ਘੰਟੇ ਕੰਮ ਕਰਵਾਏ ਜਾਣ ਦੇ ਖਿਲਾਫ ਕਨੂੰਨੀ ਸੁਰੱਖਿਆ ਚਾਹੁੰਦੇ ਹਨ।

ਸਰਮਾਏਦਾਰ ਚਾਹੁੰਦੇ ਹਨ ਕਿ ਸਮੁੱਚੀ ਮਜਦੂਰ ਜਮਾਤ ਦੀ ਉਤਨੀ ਹੀ ਲੁੱਟ ਕੀਤੀ ਜਾਵੇ, ਜਿਨਤੀ ਸੱਭ ਤੋਂ ਵੱਧ ਲੁਟੀਂਦੇ ਮਜਦੂਰਾਂ ਦੀ ਕੀਤੀ ਜਾਂਦੀ ਹੈ। ਏਸੇ ਲਈ, ਉਹ 60

ਘੰਟਿਆਂ ਦੇ ਹਫਤੇ ਨੂੰ ਕਨੂੰਨੀ ਜਾਮਾ ਪਹਿਨਾਉਣਾ ਚਾਹੁੰਦੇ ਹਨ। ਇਸ ਨਾਲ ਇੱਕ ਨਵਾਂ ਮਾਪਦੰਡ ਸਥਾਪਤ ਹੋ ਜਾਏਗਾ ਜੋ ਸਰਮਾਏਦਾਰਾਂ ਦੇ ਲਈ ਲਾਭਦਾਇਕ ਅਤੇ ਮਜਦੂਰਾਂ ਲਈ ਨੁਕਸਾਨਦੇਹ ਹੋਵੇਗਾ। ਇਹਦਾ ਫੌਰੀ ਸਿੱਟਾ ਇਹ ਨਿਕਲੇਗਾ ਕਿ ਵੱਡੇ ਉਦਯੋਗਾਂ ਦੇ ਸਰਮਾਏਦਾਰ, 48 ਘੰਟੇ ਤੋਂ ਜ਼ਿਆਦਾ ਕੰਮ ਕਰਨ ਵਾਲੇ ਮਜਦੂਰਾਂ ਨੂੰ ਓਵਰ ਟਾਈਮ ਦੇਣਾ ਬੰਦ ਕਰ ਸਕਣਗੇ।

ਮਜਦੂਰ ਜਮਾਤ ਨੂੰ, ਕਿਸੇ ਵੀ ਬਹਾਨੇ ਹੇਠ ਕੰਮ ਦੇ ਘੰਟੇ ਵਧਾਏ ਜਾਣ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ ਜਦ ਪ੍ਰਤੀ ਦਿਨ ਕੰਮ ਦੇ ਘੰਟੇ ਵਧਾਏ ਜਾਣਗੇ ਤਾਂ ਇਹਦਾ ਮਤਲਬ ਹੋਏਗਾ ਕਿ ਮਿਹਨਤ ਦੀ ਵਧੇਰੇ ਲੁੱਟ ਹੋਵੇਗੀ ਅਤੇ ਸਰਮਾਏਦਾਰਾਂ ਦੇ ਮੁਨਾਫੇ ਵਧਣਗੇ। ਇਸਦਾ ਇਹ ਅਰਥ ਹੈ ਕਿ ਸਰਮਾਏਦਾਰਾਂ ਦੀਆਂ ਜੇਬਾਂ ਭਰਨ ਲਈ ਮਜਦੂਰ ਹੋਰ ਵਧੇਰੇ ਮੁਫਤ ਮਿਹਨਤ ਦੇਣਗੇ। ਦੂਸਰੀ ਤਰਫ਼, ਅਗਰ ਕੰਮ ਦੇ ਘੰਟੇ ਘਟਾਏ ਜਾਂਦੇ ਹਨ ਤਾਂ ਲੁੱਟ ਘੱਟ ਹੋਵੇਗੀ, ਜੋ ਕਿ ਮਜਦੂਰਾਂ ਲਈ ਫਾਇਦੇਮੰਦ ਹੈ।

ਮਜਦੂਰ ਜਮਾਤ ਦੇ ਸੱਭ ਤੋਂ ਵੱਧ ਸੰਗਠਤ ਤਬਕਿਆਂ ਨੂੰ, ਲੁੱਟ ਵਧਾਉਣ ਦੇ ਸਰਮਾਏਦਾਰਾਂ ਦੇ ਇਨ੍ਹਾਂ ਯਤਨਾਂ ਖਿਲਾਫ ਡਟਕੇ ਲੜਨ ਵਿੱਚ ਅਗਵਾਈ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ ਕਿ ਜੋ ਕ੍ਰੋੜਾਂ ਹੀ ਮਜਦੂਰ ਅੱਜ ਫੈਕਟਰੀ ਕਨੂੰਨ ਦੇ ਦਾਇਰੇ ਤੋਂ ਬਾਹਰ ਹਨ, ਉਨ੍ਹਾਂ ਨੂੰ ਵੀ ਇਸ ਦੇ ਦਾਇਰੇ ਅੰਦਰ ਲਿਆਂਦਾ ਜਾਵੇ। ਮਜਦੂਰਾਂ ਦੇ ਅਧਿਕਾਰਾਂ ਦੀ ਰਖਵਾਲੀ ਕਰਨ ਵਾਲੇ ਕਨੂੰਨਾਂ ਨੂੰ ਸਰਬ-ਵਿਆਪੀ ਬਣਾਉਣ ਲਈ ਸੰਘਰਸ਼ ਕਰਨਾ ਜਰੂਰੀ ਹੈ, ਤਾਂ ਜੋ ਸੱਭੇ ਮਜਦੂਰ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਇਨ੍ਹਾਂ ਦੀ ਵਰਤੋਂ ਕਰ ਸਕਣ। ■

---

ਸਫਾ 1 ਦੀ ਬਾਕੀ

# .ਲੇਬਰ ਬਿਊਰੋ ਨੇ ਮੰਨਿਆਂ ਕਿ ਭਾਰੀ ਗਿਣਤੀ 'ਚ ਨੌਕਰੀਆਂ ਖਤਮ ਹੋਈਆਂ ਹਨ

ਇਹ ਦਿਖਾਉਂਦੇ ਹਨ ਕਿ ਲੇਬਰ ਮਨਿਸਟਰ ਅਤੇ ਸਰਕਾਰ "ਆਰਥਕਤਾ ਦੇ ਮੋੜੇ" ਆਦਿ ਦੀਆਂ ਗੱਲਾਂ ਕਰਕੇ, ਇਸ ਹਕੀਕਤ ਨੂੰ ਛੁਪਾਉਣ ਦੇ ਯਤਨ ਕਰ ਰਹੇ ਹਨ ਕਿ ਬੇਰੁਜ਼ਗਾਰੀ ਬਹੁਤ ਵਿਸ਼ਾਲ ਪੈਮਾਨੇ ਤੇ ਵਧ ਰਹੀ ਹੈ। ਇਹ ਸਪੱਸ਼ਟ ਹੋ ਰਿਹਾ ਹੈ ਕਿ ਜਿਸ "ਉਨਤੀ" ਦੀ ਸਰਕਾਰ ਗੱਲ ਕਰ ਰਹੀ ਹੈ, ਉਹ ਰੋਜ਼ਗਾਰ-ਰਹਿਤ ਉੱਨਤੀ ਹੀ ਹੋਵੇਗੀ।

ਚਾਲੂ ਵਿੱਤੀ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਦੇ ਅੰਕੜੇ ਦਿਖਾਉਂਦੇ ਹਨ ਕਿ 1,71,000 ਨੌਕਰੀਆਂ ਖਤਮ ਹੋ ਗਈਆਂ ਹਨ। ਲੇਬਰ ਬਿਊਰੋ ਦੇ ਇੱਕ ਸਰਵੇ ਮੁਤਾਬਕ, ਏਹੋ ਹਾਲ ਤਕਰੀਬਨ ਸਾਰੇ ਖੇਤਰਾਂ 'ਚ ਹੈ।

| ਉਦਯੋਗ | ਸਥਾਈ ਮਜਦੂਰ ਵਾਧਾ(+) ਜਾਂ ਕਟੌਤੀ (-) | ਠੇਕਾ ਮਜਦੂਰ ਵਾਧਾ (+) ਜਾਂ ਕਟੌਤੀ (-) |
|---|---|---|
| ਕਪੜਾ | - 1,52,000 | - 2,000 |
| ਚਮੜਾ | + 4,000 | + 2,000 |
| ਧਾਤੂ | + 25,000 | + 25,000 |
| ਮੋਟਰ ਗੱਡੀਆਂ | + 17,000 | + 17,000 |
| ਹੀਰੇ ਅਤੇ ਜੇਵਰ | + 1,000 | + 1,000 |
| ਟਰਾਂਸਪੋਰਟ | + 1,000 | + 1,000 |
| ਆਈ.ਟੀ./ਬੀ.ਪੀ.ਊ. | + 4,000 | + 4,000 |
| ਹਥਖੱਡੀ/ਪਾਵਰਲੂਮ | - 8,000 | - 8,000 |
| **ਕੁੱਲ/ਅਪ੍ਰੈਲ-ਜੂਨ 2009** | **- 1,71,000** | **+ 40,000** |

ਕੱਪੜਾ ਉਦਯੋਗ ਉਤੇ ਸੱਭ ਤੋਂ ਭਾਰੀ ਮਾਰ ਪਈ ਹੈ। ਇਸ ਉਦਯੋਗ 'ਚ ਕਰੀਬ 1,54,000 ਨੌਕਰੀਆਂ ਖਤਮ ਹੋ ਗਈਆਂ। ਅਗਲੇ ਨੰਬਰ ਤੇ ਆਈ.ਟੀ./ਬੀ.ਪੀ.ਓ. ਹੈ, ਜਿਸ 'ਚ 34,000 ਨੌਕਰੀਆਂ ਗਈਆਂ ਹਨ। ਹੀਰੇ ਅਤੇ ਜੇਵਰ ਉਦਯੋਗ ਵਿੱਚ 20,000 ਨੌਕਰੀਆਂ ਖਤਮ ਹੋਣ ਦੀ ਰਿਪ੍ਰੋਟ ਮਿਲੀ ਹੈ। ਜਿਨ੍ਹਾਂ ਅੱਠ ਖੇਤਰਾਂ— ਧਾਤੂ, ਚਮੜਾ, ਮੋਟਰ ਗੱਡੀਆਂ, ਟਰਾਂਸਪੋਰਟ, ਆਦਿ— 'ਚ ਸਰਵੇ ਕੀਤਾ ਗਿਆ, ਉਨ੍ਹਾਂ ਅੰਦਰ 1,31,000 ਨੌਕਰੀਆਂ ਖਤਮ ਹੋ ਗਈਆਂ ਹਨ। ਇਹ 2,49,000 ਨੌਕਰੀਆਂ ਖਤਮ ਹੋਣ ਅਤੇ 1,17,000 ਨਵੀਂਆਂ ਨੌਕਰੀਆਂ ਪੈਦਾ ਹੋਣ ਦਾ ਪਰਿਣਾਮ ਹੈ। ਅਸਲੀਅਤ ਵਿੱਚ, ਕਰੀਬ 2,50,000 ਮਜਦੂਰ ਆਪਣੀਆਂ ਨੌਕਰੀਆਂ ਤੋਂ ਹੱਥ ਧੋ ਬੈਠੇ ਹਨ ਅਤੇ ਉਨ੍ਹਾਂ ਕੋਲ ਰੋਜ਼ਗਾਰ ਦਾ ਕੋਈ ਵਸੀਲਾ ਨਹੀਂ ਹੈ। ਨਵੀਂਆਂ 1,17,000 ਨੌਕਰੀਆਂ ਵਿਚੋਂ ਵੀ 50,000 ਠੇਕਾ ਨੌਕਰੀਆਂ ਹਨ, ਜਿਸਦਾ ਅਰਥ ਮਜਦੂਰਾਂ ਲਈ ਮੁਕੰਮਲ ਅਸੁਰੱਖਿਆ ਹੈ। ਸੱਭ ਜਮ੍ਹਾਂ-ਮਨਫ਼ੀ ਕਰਨ ਤੋਂ ਬਾਅਦ 40,000 ਠੇਕਾ ਨੌਕਰੀਆਂ ਹੀ ਪੈਦਾ ਹੋਈਆਂ ਹਨ।

ਬਰਾਮਦੀ ਕਾਰੋਬਾਰਾਂ ਤੇ ਵੀ ਤਕੜਾ ਅਸਰ ਪਿਆ ਹੈ। ਸੱਭ ਖੇਤਰਾਂ ਨੂੰ ਮਿਲਾਕੇ, ਇਨ੍ਹਾਂ ਕਾਰੋਬਾਰਾਂ ਅੰਦਰ 1,67,000 ਨੌਕਰੀਆਂ ਖਤਮ ਹੋ ਗਈਆਂ। ਸਰਵੇ ਦੇ ਮੁਤਾਬਕ, ਕੁੱਝ ਖੇਤਰਾਂ ਅੰਦਰ ਥੋੜ੍ਹਾ-ਬਹੁਤ ਸੁਧਾਰ ਹੋਇਆ ਹੈ, ਹਾਲਾਂਕਿ ਇਨ੍ਹਾਂ ਅੰਦਰ ਜ਼ਿਆਦਾਤਰ ਮਜਦੂਰ ਠੇਕੇ ਤੇ ਰੱਖੇ ਗਏ ਹਨ, ਸਥਾਈ ਨੌਕਰੀਆਂ 'ਤੇ ਨਹੀਂ। ਹਥਕਰਧਾ/ਪਾਵਰਲੂਮ ਖੇਤਰ 'ਚ 49,000 ਨੌਕਰੀਆਂ ਪੈਦਾ ਕੀਤੀਆਂ ਗਈਆਂ। ਮੋਟਰ ਗੱਡੀਆਂ ਦੇ ਖੇਤਰ 'ਚ 23,000 ਅਤੇ ਚਮੜਾ ਖੇਤਰ 'ਚ 7,000 ਨੌਕਰੀਆਂ ਪੈਦਾ ਹੋਈਆਂ।

ਹਾਲਾਂਕਿ ਰੋਜ਼ਗਾਰ ਦੇ ਅੰਕੜੇ,ਆਮ ਤੌਰ ਤੇ ਸਾਲ ਵਿੱਚ ਇੱਕ ਬਾਰ, ਉਦਯੋਗ ਦੇ ਸਲਾਨਾ ਸਰਵੇਖਣ 'ਚ ਦੱਸੇ ਜਾਂਦੇ ਹਨ, ਪ੍ਰੰਤੂ ਲੇਬਰ ਬਿਊਰੋ ਨੇ ਪਿਛਲੇ ਸਾਲ ਹਰ ਤਿਮਾਹੀ ਵਿੱਚ ਰੋਜ਼ਗਾਰ ਦਾ ਸਰਵੇਖਣ ਸ਼ੁਰੂ ਕੀਤਾ ਤਾਂ ਕਿ ਹਿੰਦੋਸਤਾਨ ਉਤੇ ਵਿਸ਼ਵੀ ਮੰਦਵਾੜੇ ਦੇ ਅਸਰ ਦਾ ਅਧਿਅਨ ਕੀਤਾ ਜਾ ਸਕੇ। ਪਹਿਲੇ ਸਰਵੇਖਣ ਅਨੁਸਾਰ, ਵਿਸ਼ਵੀ ਆਰਥਕ ਮੰਦਵਾੜੇ ਦੇ ਪਹਿਲੇ ਤਿੰਨ

ਮਹੀਨਿਆਂ ਅੰਦਰ, ਅਕਤੂਬਰ ਤੋਂ ਦਸੰਬਰ 2008, ਵਿੱਚ 5,00,000 ਨੌਕਰੀਆਂ ਖਤਮ ਹੋ ਗਈਆਂ ਸਨ।

ਉਸਾਰੀ ਖੇਤਰ ਤੇ ਸੱਭ ਤੋਂ ਵੱਧ ਮਾਰ ਪਈ ਹੈ। ਲੇਕਿਨ ਇਸ ਖੇਤਰ ਅੰਦਰ ਲੇਬਰ ਮਨਿਸਟਰੀ ਨੇ ਜਦ ਅਲੱਗ ਸਰਵੇਖਣ ਰਾਹੀਂ, ਨੌਕਰੀਆਂ 'ਚ ਹੋਈ ਕਮੀ ਦੀ ਗਣਨਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਹ ਕੋਸ਼ਿਸ਼ ਨਾਕਾਮ ਰਹੀ। ਲੇਬਰ ਮਨਿਸਟਰੀ ਦੇ ਇੱਕ ਉਚ-ਅਧਿਕਾਰੀ ਨੇ, ਫਾਨੈਂਸ਼ੀਅਲ ਐਕਸਪ੍ਰੈਸ ਅਖਬਾਰ ਨੂੰ ਦੱਸਿਆ ਕਿ "ਉਸਾਰੀ ਮਜਦੂਰਾਂ ਨੂੰ ਜਿਸ ਤਰ੍ਹਾਂ ਕੰਮ ਤੇ ਰੱਖਿਆ ਜਾਂਦਾ ਹੈ, ਉਹ ਏਨਾ ਜਟਿਲ ਹੈ ਕਿ ਕਿਸੇ ਉਸਾਰੀ ਸਥਲ ਤੇ, ਕਿਸੇ ਇੱਕ ਮਾਲਕ ਦੀ ਪਹਿਚਾਣ ਸਥਾਪਤ ਨਹੀਂ ਕੀਤੀ ਜਾ ਸਕਦੀ।" ਲੇਕਿਨ ਇਸ ਖੇਤਰ ਵਿੱਚ ਰੋਜ਼ਗਾਰ ਦੇ ਲਚੀਲੇਪਣ ਤੋਂ ਉਨ੍ਹਾਂ ਨੇ ਨਿਚੋੜ ਕੱਢਿਆ ਹੈ ਕਿ ਇਸ ਇਕੱਲੇ ਖੇਤਰ 'ਚ ਹੀ 5,00,000 ਤੋਂ ਵਧੇਰੇ ਨੌਕਰੀਆਂ ਖਤਮ ਹੋ ਗਈਆਂ ਹਨ।

ਹਿੰਦੋਸਤਾਨ ਦੇ ਲੇਬਰ ਸਬੰਧੀ ਅਮਕੜੇ, ਬਹੁਤ ਹੀ ਘੱਟ ਅਤੇ ਪੁਰਾਣੇ ਹਨ। ਸ਼ਾਇਦ ਇਹ ਪਹਿਲੀ ਬਾਰ ਹੈ ਕਿ ਲੇਬਰ ਮੰਤਰਾਲੇ ਵਲੋਂ ਬੇਰੋਜ਼ਗਾਰੀ ਉਤੇ ਆਰਥਕ ਸੰਕਟ ਦਾ ਜ਼ਾਇਜਾ ਲਾਇਆ ਜਾ ਰਿਹਾ ਹੈ। ਲੇਬਰ ਮੰਤਰਾਲੇ ਨੇ ਆਪਣੀਆਂ ਰਿਪ੍ਰੋਟਾਂ 'ਚ ਇਹ ਕਬੂਲ ਕੀਤਾ ਹੈ ਕਿ ਉਹਨੂੰ ਕੁੱਝ ਖੇਤਰਾਂ ਨੂੰ ਚੁਣਨਾ ਪਿਆ, ਜਿਨ੍ਹਾਂ ਦਾ ਆਰਥਕਤਾ ਵਿੱਚ ਸੱਭ ਤੋਂ ਵਧੇਰੇ ਯੋਗਦਾਨ ਸੀ, ਅਤੇ ਸਿਰਫ ਗਿਣੇ-ਚੁਣੇ ਸੂਬਿਆਂ 'ਚ ਹੀ ਉਹ ਸਰਵੇਖਣ ਕਰ ਸਕਿਆ। ਇਹ ਵੀ ਪਤਾ ਲੱਗਾ ਹੈ ਕਿ ਸਿਰਫ ਵੱਡੇ ਉਦਯੋਗਾਂ ਵਿੱਚ ਹੀ ਠੇਕਾ ਮਜਦੂਰੀ ਬਾਰੇ ਅੰਕੜੇ ਕੁਛ ਹੱਦ ਤਕ ਮਿਲ ਸਕਦੇ ਹਨ, ਲੇਕਿਨ ਬਾਕੀ ਉਦਯੋਗਾਂ ਅੰਦਰ, ਇਹਦੇ ਅੰਕੜੇ ਲੱਭਣੇ ਬਹੁਤ ਮੁਸ਼ਕਿਲ ਹਨ। ਲੇਬਰ ਮੰਤਰਾਲੇ ਵਲੋਂ ਪੇਸ਼ ਕੀਤੇ ਗਏ ਅਨੁਮਾਨ ਉਨ੍ਹਾਂ ਨਿਯਮਤ ਅਤੇ ਸਥਾਈ ਮਜਦੂਰਾਂ ਬਾਰੇ ਹਨ, ਜਿਨ੍ਹਾਂ ਦੀਆਂ ਨੌਕਰੀਆਂ ਖੁਸ ਗਈਆਂ ਹਨ।

ਪ੍ਰਾਵੀਡੈਂਟ ਫੰਡ 'ਚੋਂ ਕੱਢੇ ਗਏ ਪੈਸਿਆਂ ਤੋਂ ਨੌਕਰੀਆਂ ਖੁਸਣ ਦੀ ਪੁਸ਼ਟੀ ਹੁੰਦੀ ਹੈ।

ਲੇਬਰ ਮੰਤਰਾਲੇ ਦੇ ਅਧਿਕਾਰੀਆਂ ਮੁਤਾਬਕ, ਇੰਮਪਲਾਈਜ਼ ਪ੍ਰਾਵੀਡੈਂਟ ਫੰਡ 'ਚੋਂ, ਹਾਲ ਦੇ ਮਹੀਨਿਆਂ ਅੰਦਰ ਭਾਰੀ ਮਾਤਰਾ 'ਚ ਪੈਸੇ ਕੱਢਵਾਏ ਗਏ ਹਨ, ਜਿਸ ਤੋਂ ਤਾਲਾਬੰਦੀਆਂ, ਛਾਂਟੀਆਂ, ਆਦਿ ਕਾਰਨ ਨੌਕਰੀਆਂ ਖੁਸਣ ਦਾ ਸੰਕੇਤ ਮਿਲਦਾ ਹੈ।

ਇਸ ਸਾਲ ਅਪ੍ਰੈਲ ਤੋਂ ਜੂਨ ਦੇ ਤਿੰਨ ਮਹੀਨਿਆ ਦੁਰਾਨ, ਇਮਪਲਾਈਜ਼ ਪ੍ਰਾਵੀਡੈਂਟ ਫੰਡ ਵਿੱਚੋਂ ਪੈਸੇ ਕਢਵਾਉਣ ਲਈ 31,51,000 ਅਰਜ਼ੀਆਂ ਭਰੀਆਂ ਗਈਆਂ। ਇਸਤੋਂ ਪਤਾ ਲੱਗਦਾ ਹੈ ਕਿ ਵੱਡੀ ਸੰਖਿਆ 'ਚ ਮਜਦੂਰ ਨੌਕਰੀਆਂ ਤੋਂ ਕੱਢੇ ਗਏ ਹਨ। ਇਸਤੋਂ ਇਹ ਵੀ ਪਤਾ ਲੱਗਦਾ ਹੈ ਕਿ ਮਜਦੂਰਾਂ ਕੋਲ ਪੈਸੇ ਦੀ ਬਹੁਤ ਥੁੜ੍ਹੋਂ ਹੈ। ਏਨੀਆਂ ਅਰਜ਼ੀਆਂ 2006-07 ਦੇ ਸਮੁੱਚੇ ਵਿੱਤੀ ਸਾਲ ਦੁਰਾਨ ਭਰੀਆਂ ਗਈਆਂ ਕੁੱਲ ਅਰਜ਼ੀਆਂ ਦੇ ਤਕਰੀਬਨ ਬਰਾਬਰ ਹਨ।

2008-09 ਦੇ ਵਿੱਤੀ ਸਾਲ ਦੁਰਾਨ, ਇਮਪਲਾਈਜ਼ ਪ੍ਰਾਵੀਡੈਂਟ ਫੰਡ 'ਚੋਂ ਪੈਸੇ ਕਢਵਾਉਣ ਲਈ ਸੱਭ ਤੋਂ ਵੱਧ, 98,00,000 ਲੱਖ ਅਰਜ਼ੀਆਂ ਭਰੀਆਂ ਗਈਆਂ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਸਾਲ ਦੇ ਆਖਰੀ 6 ਮਹੀਨਿਆਂ 'ਚ ਭਰੀਆਂ ਗਈਆਂ। ਇਮਪਲਾਈਜ਼ ਪ੍ਰਾਵੀਡੈਂਟ ਫੰਡ ਆਰਗੇਨਾਈਜ਼ੇਸ਼ਨ ਕੋਲ ਕਰੀਬ 5 ਕ੍ਰੋੜ ਮਜਦੂਰਾਂ ਦੇ ਖਾਤੇ ਹਨ, ਜੋ ਕਿ ਹਿੰਦੋਸਤਾਨ ਕੁੱਲ 40 ਕ੍ਰੋੜ ਮਜਦੂਰਾਂ ਦਾ ਸਿਰਫ ਇੱਕ ਛੋਟਾ ਜਿਹਾ ਹਿੱਸਾ ਹਨ।

ਹਿੰਦੋਸਤਾਨ ਦੀ ਸਰਕਾਰ ਦੇ ਵਣਜ ਵਿਭਾਗ ਨੇ ਵੀ, ਬਰਾਮਦ ਖੇਤਰ ਵਾਲੇ ਉਦਯੋਗਾਂ ਦੀਆਂ ਬਰਾਮਦਾਂ ਘਟਣ ਕਾਰਨ, ਮਜਦੂਰਾਂ ਦੀਆਂ ਛਾਂਟੀਆਂ ਬਾਰੇ ਇੱਕ ਸਰਵੇਖਣ ਕੀਤਾ ਹੈ। ਅਗਸਤ 2008 ਤੋਂ ਜਨਵਰੀ 2009 ਤਕ ਦੇ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ 402 ਇਕਾਈਆਂ ਵਿੱਚੋਂ 1,09,513 ਮਜਦੂਰਾਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਗਿਆ ਹੈ। ਵਣਜ ਮੰਤਰਾਲੇ ਨੇ ਬਰਾਮਦ ਨਾਲ ਸਿੱਧੇ ਅਤੇ ਅਸਿੱਧੇ ਤੌਰ ਤੇ ਸਬੰਧਤ ਉਦਯੋਗਾਂ ਅੰਦਰ ਇੱਕ ਹੋਰ ਸਰਵੇਖਣ ਵੀ ਕੀਤਾ, ਜਿਹਦੇ ਮੁਤਾਬਕ ਅਗਸਤ 2008 ਤੋਂ ਅਪ੍ਰੈਲ 2009 ਤਕ, 1,34,593 ਮਜਦੂਰ ਕੰਮਾਂ ਤੋਂ ਕੱਢ ਦਿੱਤੇ ਗਏ ਹਨ।

ਬੇਰੋਜ਼ਗਾਰੀ ਬਾਰੇ ਸਰਕਾਰ ਵਲੋਂ ਜਾਰੀ ਕੀਤੇ ਗਏ ਅੰਕੜੇ, ਸਮੱਸਿਆ ਦੀ ਸਿਰਫ ਓਪਰੀ ਜਿਹੀ ਤਸਵੀਰ ਹੀ ਪੇਸ਼ ਕਰਦੇ ਹਨ। ਇਨ੍ਹਾਂ ਅੰਕੜਿਆਂ ਤੋਂ ਸਿਰਫ ਕੁੱਝ ਖੇਤਰਾਂ ਅਤੇ ਥੋੜ੍ਹੇ-ਜਿਹੇ ਸੂਬਿਆਂ ਦੇ ਨਿਯਮਤ ਮਜਦੂਰਾਂ ਦੀ ਹਾਲਤ ਦਾ ਹੀ ਪਤਾ ਲੱਗਦਾ ਹੈ। ਸਾਡੇ ਦੇਸ਼ ਵਿੱਚ ਮਜਦੂਰਾਂ ਦੇ ਰੋਜ਼ਗਾਰ ਜਾਂ ਬੇਰੋਜ਼ਗਾਰੀ ਬਾਰੇ ਕੋਈ ਸਹੀ ਅੰਕੜੇ ਨਹੀਂ ਹਨ। ਆਰਥਕ ਸੰਕਟ ਦਾ ਸੱਭ ਮਜਦੂਰਾਂ ਉੱਤੇ ਤਕੜਾ ਅਸਰ ਪਿਆ ਹੈ, ਚਾਹੇ ਉਹ ਸੰਗਠਤ ਖੇਤਰ ਦੇ ਮਜਦੂਰ ਜਾਂ ਫਿਰ ਅਸੰਗਠਤ ਅਖਵਾਉਣ ਵਾਲੇ ਖੇਤਰਾਂ ਦੇ ਮਜਦੂਰਾਂ ਹਨ। ■


**ਵਕਤ ਦੀ ਪੁਕਾਰ, ਜਾਣੀ ਕਿ ਹਿੰਦੋਸਤਾਨ ਦੇ ਨਵ-ਨਿਰਮਾਣ ਨੂੰ ਸਮਰਪਤ ਮੈਗਜ਼ੀਨ**



**ਗ਼ਦਰ ਜਾਰੀ ਹੈ**

**ਹਿੰਦੀ ਅਤੇ ਅੰਗਰੇਜ਼ੀ 'ਚ**




Latest Issue

ਸਹਾਇਤਾ ਰਾਸ਼ੀ - 25 ਰੁ: (35 ਰੁ: ਡਾਕ ਖਰਚ ਸਮੇਤ),ਵਿਦੇਸ਼ - 20 ਅਮਰੀਕੀ ਡਾਲਰ
ਸਲਾਨਾ(4ਅੰਕ) - 100 ਰੁ: (140 ਰੁ: ਡਾਕ ਖਰਚ ਸਮੇਤ) ਵਿਦੇਸ਼ -80 ਅਮਰੀਕੀ ਡਾਲਰ
ਹਯਾਤੀ ਸਹਾਇਤਾ -1000ਰੁ: ਜਾਂ ਅਧਿਕ, ਵਿਦੇਸ਼ - 200 ਅਮਰੀਕੀ ਡਾਲਰ ਜਾਂ ਅਧਿਕ
ਕਾਪੀਆਂ ਲਈ ਸੰਪਰਕ ਕਰੋ: ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020

ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਬਿੱਲ:

# ਕੀ ਮਿਹਨਤਕਸ਼ਾਂ ਦੇ ਬੱਚਿਆਂ ਨੂੰ ਸੱਚਮੁਚ ਸਿੱਖਿਆ ਦਾ ਅਧਿਕਾਰ ਮਿਲੇਗਾ?

4 ਅਗਸਤ ਨੂੰ ਲੋਕ ਸਭਾ 'ਚ 'ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ' ਬਿੱਲ ਪਾਸ ਕੀਤਾ ਗਿਆ। ਇਸ ਬਿੱਲ ਅਨੁਸਾਰ, ਸਰਕਾਰ ਤੋਂ ਮੁਫ਼ਤ ਮੁੱਢਲੀ ਸਿੱਖਿਆ ਲੈਣਾ ਸਾਡੇ ਦੇਸ਼ ਦੇ ਕ੍ਰੋੜਾਂ ਬੱਚਿਆਂ ਦਾ ਮੁੱਢਲਾ ਹੱਕ ਹੋਵੇਗਾ। ਇਸ ਬਿੱਲ ਦੇ ਪਾਸ ਹੋਣ ਦੇ ਮੌਕੇ 'ਤੇ ਮਾਨਵ ਸੰਸਾਧਨ ਵਿਕਾਸ ਮੰਤਰੀ, ਸ੍ਰੀ ਕਪਿਲ ਸਿਬਲ ਨੇ ਸਦਨ ਨੂੰ ਕਿਹਾ ਕਿ "ਇਹ ਇੱਕ ਇਨਕਲਾਬੀ ਕਦਮ ਹੈ ਜਿਸ ਨਾਲ ਸਾਡੇ ਬੱਚੇ ਸਿਰ ਚੁੱਕ ਕੇ ਅੱਗੇ ਵਧ ਸਕਣਗੇ। ਇਹ ਸਾਡੇ ਭਵਿੱਖ ਲਈ ਹੈ।"

ਵਰਨਣਯੋਗ ਹੈ ਕਿ 2002 'ਚ ਰਾਜਗ ਸਰਕਾਰ ਵੱਲੋਂ ਲਿਆਂਦੀ ਗਈ 86ਵੀਂ ਸੰਵਿਧਾਨਕ ਸੋਧ (ਆਰਟੀਕਲ 21 ਏ) ਦੇ ਤਹਿਤ, 6-14 ਵਰ੍ਹੇ ਦੇ ਬੱਚਿਆਂ ਲਈ ਸਿੱਖਿਆ ਦਾ ਅਧਿਕਾਰ ਇੱਕ ਮੂਲ ਅਧਿਕਾਰ ਬਣਾਇਆ ਗਿਆ ਸੀ, ਪਰ ਉਸ ਨੂੰ ਲਾਗੂ ਕਰਨ ਲਈ ਇੱਕ ਕਨੂੰਨ ਦਾ ਇੰਤਜ਼ਾਰ ਸੀ। ਇਸ ਬਿੱਲ ਨੂੰ ਸੰਸਦ 'ਚ ਕੁਝ ਦਿਨ ਪਹਿਲਾਂ, 20 ਜੁਲਾਈ ਨੂੰ ਰਾਜ ਸਭਾ ਨੇ ਪਾਸ ਕੀਤਾ ਸੀ। ਆਪਣੀ 100 ਦਿਨ ਦੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਮੌਜੂਦਾ ਸੰਪ੍ਰਗ ਸਰਕਾਰ ਨੇ ਸੰਸਦ ਦੇ ਆਖਰੀ ਦਿਨਾਂ 'ਚ ਇਸ ਬਿੱਲ ਨੂੰ ਜਲਦੀ ਨਾਲ ਪਾਸ ਕਰ ਦਿੱਤਾ।

ਹਿੰਦੁਸਤਾਨੀ ਹਾਕਮ ਵਰਗ ਦੁਨੀਆ 'ਚ ਇਕ ਵੱਡੀ ਤਾਕਤ ਬਨਣਾ ਚਾਹੁੰਦਾ ਹੈ। ਉਹ ਹਿੰਦੁਸਤਾਨ 'ਚ ਤੇ ਵਿਦੇਸ਼ 'ਚ ਆਪਣੇ ਨਿਰਮਾਣ ਤੇ ਸੇਵਾ ਉਦਯੋਗਾਂ ਨੂੰ ਤੇਜ਼ ਗਤੀ ਨਾਲ ਫੈਲਾਉਣ ਲਈ ਆਪਣੀ ਵਧਦੀ ਨੌਜਵਾਨ ਅਬਾਦੀ ਦਾ ਲਾਭ ਲੈਣਾ ਚਾਹੁੰਦਾ ਹੈ। ਪਰ ਇਸਦੇ ਲਈ ਨੌਜਵਾਨਾਂ ਨੂੰ ਕੁਝ ਹੱਦ ਤੱਕ ਸਿੱਖਿਅਤ ਕਰਨਾ ਪਵੇਗਾ। ਇਹੀ ਕਾਰਣ ਹੈ ਕਿ ਮਨਮੋਹਨ ਸਿੰਘ ਵੱਲੋਂ ਅਤੇ ਸੰਪ੍ਰਗ ਸਰਕਾਰ ਦੀਆਂ ਨੀਤੀਆਂ 'ਚ ਸਿੱਖਿਆ 'ਤੇ ਇੰਨਾ ਜ਼ੋਰ ਦਿੱਤਾ ਜਾ ਰਿਹਾ ਹੈ। 'ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ' ਬਿੱਲ ਦਾ ਪਾਸ ਕੀਤਾ ਜਾਣਾ ਇਸ ਦਿਸ਼ਾ 'ਚ ਇਕ ਮੁੱਖ ਕਦਮ ਦੱਸਿਆ ਜਾ ਰਿਹਾ ਹੈ।

## ਲੰਮੇ ਸੰਘਰਸ਼ਾਂ ਦਾ ਨਤੀਜਾ

'ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ' ਬਿੱਲ ਸਿੱਖਿਅਕਾਂ, ਸਮਾਜਿਕ ਕਾਰਜਕਰਤਾਵਾਂ ਤੇ ਆਮ ਲੋਕਾਂ ਵੱਲੋਂ ਕਈ ਵਰ੍ਹੇ ਤਕ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਇਸ 'ਚ ਕਈ ਕਾਨੂੰਨੀ ਲੜਾਈਆਂ ਵੀ ਸ਼ਾਮਿਲ ਹਨ, ਜਿਥੇ ਵਿਦਿਆਰਥੀਆਂ ਨੂੰ ਪੈਸੇ ਦੀ ਕਮੀ ਜਾਂ ਹੋਰ ਸਮਾਜਿਕ ਥੋੜਾਂ ਦੇ ਕਾਰਣ ਸਕੂਲਾਂ 'ਚ ਭਰਤੀ ਕਰਨ ਤੋਂ ਮਨ੍ਹਾ ਕੀਤਾ ਗਿਆ ਹੈ। ਇਹ ਮੰਨੀ ਹੋਈ ਗੱਲ ਹੈ ਕਿ ਸੰਵਿਧਾਨ ਦੇ ਨੀਤੀ ਨਿਰਦੇਸ਼ਕਾਂ 'ਚ ਕਿਹਾ ਗਿਆ ਹੈ ਕਿ 'ਰਾਜ 14 ਵਰ੍ਹਿਆਂ ਦੀ ਉਮਰ ਤੱਕ ਸਾਰੇ ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਿਵਾਏਗਾ।' ਪਰ ਬੀਤੇ ਵਰ੍ਹਿਆਂ 'ਚ ਦੇਸ਼ ਭਰ 'ਚ ਆਰੰਭਕ ਸਕੂਲਾਂ ਦੀ ਸੰਖਿਆ ਕਾਫ਼ੀ ਵਧਾ ਦਿੱਤੇ ਜਾਣ ਦੇ ਬਾਵਜੂਦ, ਸਰਬਵਿਆਪਕ ਆਰੰਭਕ ਸਿੱਖਿਆ ਦਾ ਇਹ ਟੀਚਾ ਅੱਜ ਵੀ ਬਹੁਸੰਖਿਅਕ ਬੱਚਿਆਂ ਲਈ ਇੱਕ ਦੂਰ ਦਾ ਸੁਪਨਾ ਹੈ, ਖਾਸ ਤੌਰ 'ਤੇ ਆਰਥਕ ਤੇ ਸਮਾਜਿਕ ਤੌਰ ਤੇ ਕਮਜ਼ੋਰ ਤਬਕਿਆਂ ਦੇ ਬੱਚਿਆਂ ਲਈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਬੱਚਿਆਂ ਨੂੰ ਆਰੰਭਕ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਹੀ ਸਕੂਲ ਛੱਡਣਾ ਪੈਂਦਾ ਹੈ। ਇਸ ਤੋਂ ਇਲਾਵਾ, ਆਰੰਭਕ ਸਿੱਖਿਆ ਪੂਰੀ ਕਰਨ ਵਾਲੇ ਜ਼ਿਆਦਾਤਰ ਬੱਚਿਆਂ 'ਚ ਵੀ, ਪ੍ਰਾਪਤ ਸਿੱਖਿਆ ਦਾ ਪੱਧਰ ਤਸੱਲੀ-ਬਖਸ਼ ਨਹੀਂ ਹੁੰਦਾ। ਇਨ੍ਹਾਂ ਹਾਲਤਾਂ ਨੂੰ ਬਦਲਣ ਤੇ ਸਰਬਵਿਆਪਕ ਸਿੱਖਿਆ ਦਾ ਅਧਿਕਾਰ ਸਹੀ ਅਰਥਾਂ 'ਚ ਸੁਨਿਸ਼ਚਿਤ ਕਰਨ ਦੇ ਟੀਚੇ ਦੇ ਨਾਲ ਸਿੱਖਿਅਕਾਂ, ਸਮਾਜਕ ਕਾਰਜਕਰਤਾਵਾਂ ਤੇ ਆਮ ਲੋਕਾਂ ਨੇ ਸੰਘਰਸ਼ ਕੀਤਾ ਹੈ, ਤਾਂਕਿ ਰਾਜ ਇਸ ਮਾਮਲੇ 'ਚ ਆਪਣੀ ਜ਼ਿੰਮੇਵਾਰੀ ਨਿਭਾਏ।

ਹਾਲਾਂਕਿ ਸੰਪ੍ਰਗ ਸਰਕਾਰ ਨੇ ਇਸ ਬਿੱਲ ਨੂੰ ਇਕ "ਇਤਿਹਾਸਕ" ਕਨੂੰਨ ਦੱਸਿਆ ਹੈ, ਪਰ ਅਲੱਗ-ਅਲੱਗ ਸਿਆਸੀ ਪਾਰਟੀਆਂ ਦੇ ਸੰਸਦਾਂ, ਕਈ ਅਫ਼ਸਰਾਂ ਤੇ ਸਿੱਖਿਅਕਾਂ ਨੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ ਕਿ ਇਸ ਬਿੱਲ ਨੂੰ ਕਿਸ ਤਰ੍ਹਾਂ ਲਾਗੂ ਕੀਤਾ ਜਾਵੇਗਾ ਤੇ ਕੀ ਇਸ ਵੱਲੋਂ ਸਿੱਖਿਆ ਸੱਚਮੁਚ ਇਕ ਸਰਬਵਿਆਪਕ ਅਧਿਕਾਰ ਬਣ ਸਕੇਗੀ। ਕਈ ਵਿਸ਼ਿਆਂ 'ਤੇ ਇਸ ਬਿੱਲ ਦੀ ਅਲੋਚਨਾ ਕੀਤੀ ਗਈ ਹੈ --- ਸਕੂਲੀ ਸਿੱਖਿਆ 'ਚ ਅਲੱਗ-ਅਲੱਗ ਮਾਪਦੰਡਾਂ ਨੂੰ ਬਣਾਏ ਰੱਖਣ ਦੇ ਨਾਲ-ਨਾਲ, ਇਸ 'ਚ ਕਨੂੰਨ ਦਾ ਉਲੰਘਣ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀਆਂ ਤਾਕਤਾਂ ਦੀ ਕਮੀ ਤੇ ਦੋਸ਼ੀਆਂ ਦੇ ਬਚਣ ਲਈ ਕਈ ਰਸਤਿਆਂ ਦੇ ਛੱਡ ਦਿੱਤੇ ਜਾਣ ਦੀ ਵੀ ਅਲੋਚਨਾ ਕੀਤੀ ਜਾ ਰਹੀ ਹੈ।

ਸਰਕਾਰੀ ਪ੍ਰਚਾਰ ਅਨੁਸਾਰ, ਇਸ ਬਿੱਲ ਦਾ ਟੀਚਾ ਹੈ ਆਰੰਭਕ ਸਿੱਖਿਆ ਨੂੰ ਸਾਰਿਆਂ ਦਾ ਮੁੱਢਲਾ ਅਧਿਕਾਰ ਬਣਾਉਣਾ ਤੇ ਹੁਣ ਸਮਾਜ ਦੇ ਸਾਰੇ ਵਰਗਾਂ ਦੇ ਲੋਕ, ਰਾਜ ਤੋਂ ਆਪਣਾ ਹੱਕ ਮੰਗ ਸਕਣਗੇ। ਪਰ ਜੇਕਰ ਇਸ ਨੂੰ ਧਿਆਨ ਨਾਲ

## ਨਿੱਜੀ ਸੰਸਥਾਵਾਂ ਦੇ ਮੁਨਾਫ਼ਿਆਂ 'ਤੇ ਨਾਮਾਤਰ ਦਾ ਅਸਰ

ਸਰਕਾਰ ਤੋਂ ਮਦਦ ਪਾਉਣ ਵਾਲੇ ਨਿੱਜੀ ਸਕੂਲਾਂ 'ਚ ਆਰਥਕ ਤੌਰ 'ਤੇ ਕਮਜ਼ੋਰ ਤਬਕੇ (ਈ. ਡਬਲਿਊ. ਐਸ.) ਦੇ ਵਿਦਿਆਰਥੀਆਂ ਦਾ ਕੋਟਾ ਇਸ ਸਮੇਂ ਦਿੱਲੀ 'ਚ 15 ਫ਼ੀਸਦੀ ਹੈ। ਕਈ ਸੁਕਲ ਇਸ 'ਚ ਆਪਣੇ ਸਿੱਖਿਅਕਾਂ ਤੇ ਕਰਮਚਾਰੀਆਂ ਦੇ ਬੱਚਿਆਂ ਅਤੇ ਹੋਰ ਵਿਸ਼ੇਸ਼ ਕੋਟਾ ਵੀ ਸ਼ਾਮਿਲ ਕਰ ਲੈਂਦੇ ਹਨ। ਦਿੱਲੀ ਸਕੂਲ ਸਿੱਖਿਆ (ਈ. ਡਬਲਿਊ. ਐਸ. ਵਿਦਿਆਰਥੀਆਂ ਦੇ ਮੁਫ਼ਤ ਸੀਟ) ਕਨੂੰਨ 2006 ਦੇ ਅਨੁਸਾਰ, "ਮੁਫ਼ਤ ਸੀਟਾਂ 'ਤੇ ਭਰਤੀ ਕੀਤੇ ਗਏ ਵਿਦਿਆਰਥੀਆਂ ਨੂੰ ਵਰਦੀ ਤੇ ਕਿਤਾਬਾਂ 'ਤੇ ਖਰਚ ਲਈ, ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਬਰਾਬਰ, ਸਰਕਾਰ ਤੋਂ ਵਿੱਤੀ ਸਹਾਇਤਾ ਮਿਲੇਗੀ।" ਅਸੂਲ ਦੇ ਤੌਰ 'ਤੇ, ਇਹ ਦੇਸ਼ ਭਰ 'ਚ ਲਾਗੂ ਹੋਵੇਗਾ। ਸੋ ਇਨ੍ਹਾਂ ਨਿੱਜੀ ਸਕੂਲਾਂ ਨੂੰ ਈ. ਡਬਲਿਊ. ਐਸ. ਕੋਟਾ 'ਚ ਸਿਰਫ਼ 10 ਫ਼ੀਸਦੀ ਹੋਰ ਬੱਚਿਆਂ ਨੂੰ ਲੈਣਾ ਹੋਵੇਗਾ, ਜਿਸ ਦੇ ਲਈ ਵੀ ਸਰਕਾਰ ਉਨ੍ਹਾਂ ਨੂੰ — ਸਰਕਾਰੀ ਸਕੂਲ ਦੀ ਦਰ 'ਤੇ — ਪੈਸੇ ਦੇਵੇਗੀ। ਜ਼ਿਆਦਾਤਰ ਨਿੱਜੀ ਸਕੂਲ ਆਪਣੀਆਂ ਫ਼ੀਸਾਂ ਵਧਾ ਕੇ, ਇਸ ਵਾਧੂ ਖਰਚ ਦਾ ਭਾਰ ਫ਼ੀਸ ਦੇਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ 'ਤੇ ਸੁੱਟ ਦਿੰਦੇ ਹਨ। ■

ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਸੱਚਾਈ ਕੁਝ ਹੋਰ ਹੀ ਹੈ। ਨਾ ਤਾਂ ਇਸ ਬਿੱਲ 'ਚ ਸਾਰਿਆਂ ਨੂੰ ਇਕੋ ਜਿਹੀ ਸਿੱਖਿਆ ਮਿਲਣ ਵਾਲੀ ਹੈ, ਤੇ ਜੇਕਰ ਸਰਕਾਰ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੀਆਂ ਹਾਲਤਾਂ ਮੁਹੱਈਆ ਕਰਾਉਣ 'ਚ ਨਾਕਾਮਯਾਬ ਹੁੰਦੀ ਹੈ ਤਾਂ ਇਹ ਬਿੱਲ ਜਨਤਾ ਨੂੰ ਸਰਕਾਰ ਦੇ ਖਿਲਾਫ਼ ਕਨੂੰਨੀ ਕਾਰਵਾਈ ਕਰਨ ਦੀ ਤਾਕਤ ਪ੍ਰਦਾਨ ਨਹੀਂ ਕਰਦਾ। ਨਾ ਹੀ ਸਕੂਲੀ ਸਿੱਖਿਆ ਦਿਵਾਉਣ ਦੇ ਨਾਮ 'ਤੇ ਜਨਤਾ ਨੂੰ ਲੁੱਟ ਕੇ ਮੋਟੇ ਮੁਨਾਫ਼ੇ ਕਮਾਉਣ ਵਾਲੀਆਂ ਨਿਜੀ ਸੰਸਥਾਵਾਂ ਨੂੰ ਇਸ ਬਿੱਲ ਦੇ ਨਾਲ ਬੰਦ ਕੀਤਾ ਜਾਵੇਗਾ।

## ਨਿੱਜੀ ਮੁਨਾਫਿਆਂ 'ਤੇ ਕੋਈ ਰੋਕ ਨਹੀਂ

ਇਹ ਬਿੱਲ ਦੇਸ਼ ਦੇ ਸਾਰੇ ਹਿੱਸਿਆਂ 'ਚ ਇਕੋ ਜਿਹੀ, ਮੁਨਾਸਬ ਕੀਮਤ ਵਾਲੀ ਅਤੇ ਇਕੋ ਜਿਹੀ ਗੁਣਵੱਤਾ ਦੀ ਸਕੂਲੀ ਸਿੱਖਿਆ ਦਾ ਅਧਿਕਾਰ ਨਹੀਂ ਦਿਵਾਉਂਦਾ ਹੈ। ਨਿੱਜੀ ਉਦਯੋਗਪਤੀ ਤੇ ਸੰਸਥਾਨ ਸਕੂਲੀ ਸਿੱਖਿਆ ਦਿਵਾਉਣ ਦੇ ਨਾਂਅ 'ਤੇ, ਲੋਕਾਂ ਨੂੰ ਲੁੱਟ ਕੇ ਬਹੁਤ ਮੋਟੇ ਮੁਨਾਫੇ ਕਮਾਉਂਦੇ ਰਹਿਣਗੇ, ਤੇ ਉਨ੍ਹਾਂ ਨੂੰ ਬਹੁਤ ਹੀ ਘੱਟ ਸੰਖਿਆ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣੀ ਪਵੇਗੀ, ਜਿਸ ਲਈ ਵੀ ਉਨ੍ਹਾਂ ਨੂੰ ਸਰਕਾਰ ਤੋਂ ਕੁਝ ਹੱਦ ਤੱਕ ਸਹਾਇਤਾ ਮਿਲੇਗੀ। ਸਰਕਾਰੀ ਸਕੂਲ, ਸਰਕਾਰ ਵੱਲੋਂ ਦਿੱਤੇ ਗਏ ਸੀਮਤ ਸਾਧਨਾਂ ਦੇ ਨਾਲ, ਉਨ੍ਹਾਂ ਸਾਰੇ ਬੱਚਿਆਂ ਨੂੰ ਪੜ੍ਹਾਉਣ ਦੀਆਂ ਸਮੱਸਿਆਵਾਂ ਨਾਲ ਜੂਝਦੇ ਰਹਿਣਗੇ, ਜੋ ਪਰਿਵਾਰ 'ਚ ਸਿੱਖਿਆ ਲੈਣ ਵਾਲੀ ਪਹਿਲੀ ਪੀੜ੍ਹੀ ਹੈ, ਜੋ ਘੱਟ ਆਮਦਨ ਵਾਲੇ ਪਰਿਵਾਰਾਂ 'ਚੋਂ ਹਨ, ਜੋ ਪੇਂਡੂ ਤੇ ਪੱਛੜੇ ਇਲਾਕਿਆਂ 'ਚੋਂ ਹਨ, ਜੋ ਤਰ੍ਹਾਂ-ਤਰ੍ਹਾਂ ਦੀਆਂ ਕੁਦਰਤੀ ਤੇ ਰਾਜ ਵੱਲੋਂ ਪੈਦਾ ਕੀਤੀਆਂ ਮੁਸ਼ਕਿਲਾਂ ਦੇ ਸ਼ਿਕਾਰ ਹਨ।

ਬਿੱਲ 'ਚ ਕਿਹਾ ਗਿਆ ਹੈ ਕਿ 'ਕਿਸੇ ਵੀ ਬੱਚੇ ਨੂੰ ਕਿਸੇ ਤਰ੍ਹਾਂ ਦੀ ਫ਼ੀਸ ਜਾਂ ਖਰਚਾ ਨਹੀਂ ਦੇਣਾ ਪਵੇਗਾ, ਜੋ ਉਸ ਦੀ ਆਰੰਭਕ ਸਿੱਖਿਆ ਹਾਸਲ ਕਰਨ ਅਤੇ ਪੂਰੀ ਕਰਨ ਦੇ ਰਸਤੇ 'ਚ ਅੜਿੱਕਾ ਬਣੇ'। ਇਹ ਸਰਕਾਰ ਵੱਲੋਂ ਚਲਾਏ ਜਾਣ ਵਾਲੇ ਸਾਰੇ ਸਕੂਲਾਂ 'ਤੇ ਲਾਗੂ ਹੋਵੇਗਾ। ਸਰਕਾਰੀ ਸਹਾਇਤਾ ਨਾਲ ਚਲਾਏ ਜਾਣ ਵਾਲੇ ਸਕੂਲਾਂ 'ਚ, ਕੁਲ ਸਾਲਾਨਾ ਖਰਚੇ ਦਾ ਜਿੰਨਾ ਫ਼ੀਸਦੀ ਸਰਕਾਰੀ ਮਦਦ ਦੇ ਰੂਪ 'ਚ ਮਿਲਦਾ ਹੈ, ਓਨੇ ਫ਼ੀਸਦੀ

### ਕੈਪੀਟੇਸ਼ਨ ਫ਼ੀਸ ਤੇ ਪ੍ਰਵੇਸ਼ ਪ੍ਰੀਖਿਆ 'ਤੇ ਰੋਕ

ਕੈਪੀਟੇਸ਼ਨ ਫ਼ੀਸ ਤੇ ਪ੍ਰਵੇਸ਼ ਪ੍ਰੀਖਿਆ ਲੈਣ ਲਈ ਸਜ਼ਾ ਕੁਝ ਇਸ ਤਰ੍ਹਾਂ ਹੈ — ਕੈਪੀਟੇਸ਼ਨ ਫ਼ੀਸ ਦਾ 10 ਗੁਣਾ ਜੁਰਮਾਨਾ, ਪ੍ਰਵੇਸ਼ ਪ੍ਰੀਖਿਆ ਦੀ ਪਹਿਲੀ ਸ਼ਿਕਾਇਤ 'ਤੇ 25,000 ਰੁਪਏ ਦਾ ਜੁਰਮਾਨਾ ਤੇ ਅੱਗੇ ਦੀਆਂ ਸ਼ਿਕਾਇਤਾਂ ਦੇ ਲਈ 50,000 ਰੁਪਏ ਦਾ ਜੁਰਮਾਨਾ।

ਸਰਕਾਰ ਵਲੋਂ ਮਾਨਤਾ ਦੇ ਬਿਨਾ ਚਲਾਏ ਜਾਣ ਵਾਲੇ ਨਿੱਜੀ ਸਕੂਲਾਂ ਨੂੰ ਵੀ ਸਜ਼ਾ ਦਿੱਤੀ ਜਾਵੇਗੀ। ਬਿਨਾ ਮਾਨਤਾ ਪ੍ਰਾਪਤ ਸਕੂਲ ਸ਼ੁਰੂ ਕਰਨ ਦੇ ਲਈ 1 ਲੱਖ ਰੁਪਏ ਦਾ ਜ਼ੁਰਮਾਨਾ ਹੈ ਤੇ ਬਿਨਾ ਮਾਨਤਾ ਚਲਾਏ ਜਾਣ ਵਾਲੇ ਹਰੇਕ ਦਿਨ ਦੇ ਲਈ 10,000 ਰੁਪਏ।

ਬੱਚਿਆਂ ਨੂੰ, ਉਨ੍ਹਾਂ ਨੂੰ ਮੁਫ਼ਤ ਆਰੰਭਕ ਸਿੱਖਿਆ ਦੇਣੀ ਪਵੇਗੀ, ਤੇ ਇਸ ਨੂੰ ਘੱਟੋ-ਘੱਟ 25 ਫ਼ੀਸਦੀ ਤੱਕ ਕੀਤਾ ਜਾ ਸਕਦਾ ਹੈ। ਨਿੱਜੀ ਸਕੂਲਾਂ ਨੂੰ ਪਹਿਲੀ ਜਮਾਤ 'ਚ (ਤੇ ਆਰੰਭਕ ਸਿੱਖਿਆ ਦੀ ਸਮਾਪਤੀ ਤੱਕ) ਕੁੱਲ ਬੱਚਿਆਂ ਦਾ ਘੱਟ ਤੋਂ ਘੱਟ 25 ਫੀਸਦੀ ਆਸ-ਪਾਸ ਦੇ ਆਰਥਕ ਤੌਰ 'ਤੇ ਕਮਜ਼ੋਰ ਤਬਕਿਆਂ ਤੋਂ ਲੈਣਾ ਹੋਵੇਗਾ।

ਬਿੱਲ ਅਨੁਸਾਰ, ਸਰਕਾਰ ਨਿੱਜੀ ਸਕੂਲਾਂ ਨੂੰ ਸਰਕਾਰੀ ਸਕੂਲਾਂ 'ਚ ਪ੍ਰਤੀ ਵਿਦਿਆਰਥੀ 'ਤੇ ਖਰਚੇ ਦੇ ਹਿਸਾਬ ਨਾਲ ਪੈਸੇ ਦੇਵੇਗੀ। (ਜੋ ਕਿ ਅਲੱਗ-ਅਲੱਗ ਰਾਜਾਂ 'ਚ ਅਲੱਗ ਹੈ)। ਜਿਨ੍ਹਾਂ ਸਕੂਲਾਂ ਨੂੰ ਸਰਕਾਰ ਤੋਂ ਮੁਫ਼ਤ ਜਾਂ ਰਿਆਅਤੀ ਕੀਮਤਾਂ 'ਤੇ ਜ਼ਮੀਨ, ਮਕਾਨ, ਸਾਮਾਨ ਜਾਂ ਹੋਰ ਸਹੂਲਤਾਂ (ਜਿਸ ਤਰ੍ਹਾਂ ਕਿ ਰਿਆਇਤੀ ਦਰ 'ਤੇ ਬਿਜਲੀ-ਪਾਣੀ, ਆਵਾਸ ਕਰ, ਆਦਿ) ਮਿਲਿਆ ਹੈ, ਜਿਸ ਦੇ ਲਈ ਉਨ੍ਹਾਂ ਨੂੰ ਕਨੂੰਨੀ ਤੌਰ 'ਤੇ ਕੁਝ ਫ਼ੀਸਦੀ ਕਮਜ਼ੋਰ ਤਬਕੇ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣੀ ਪੈਂਦੀ ਹੈ, ਉਨ੍ਹਾਂ ਨੂੰ ਉਸ ਫ਼ੀਸਦੀ ਦੇ ਲਈ ਸਰਕਾਰ ਤੋਂ ਕੋਈ ਪੈਸਾ ਨਹੀਂ ਮਿਲੇਗਾ।

ਬਿੱਲ ਅਨੁਸਾਰ, ਵਿਸ਼ਾਵਸਤੂ, ਸਿੱਖਿਆ ਦੇ ਮਾਪਦੰਡ ਤੇ ਹੋਰ ਸਾਰੀਆਂ ਸ਼ਰਤਾਂ ਸਾਰੇ ਤਰ੍ਹਾਂ ਦੇ ਸਕੂਲਾਂ 'ਚ ਇਕੋ ਤਰ੍ਹਾਂ ਲਾਗੂ ਹੋਣਗੀਆਂ।

ਸਿੱਖਿਆ ਮਾਹਰਾਂ ਦਾ ਕਹਿਣਾ ਹੈ ਕਿ ਕੇਂਦਰੀ ਤੇ ਰਾਜ ਸਰਕਾਰਾਂ ਔਸਤਨ ਹਰ ਵਰ੍ਹੇ ਹਰੇਕ ਵਿਦਿਆਰਥੀ 'ਤੇ ਲਗਭਗ 2000 ਤੋਂ 2500 ਰੁਪਏ ਤਕ ਖਰਚ ਕਰਦੀਆਂ ਹਨ, ਜਦਕਿ ਨਿਜੀ ਸਕੂਲ ਇਸ ਤੋਂ ਕਿਤੇ ਜ਼ਿਆਦਾ ਫ਼ੀਸ ਵਸੂਲਦੇ ਹਨ। ਪੜ੍ਹਾਈ ਦੇ ਇਲਾਵਾ ਦੂਸਰੇ ਪ੍ਰੋਗਰਾਮਾਂ ਤੇ ਸਹੂਲਤਾਂ ਲਈ ਜੋ ਫ਼ੀਸ ਲਈ ਜਾਂਦੀ ਹੈ, ਉਹ ਇਸ ਬਿੱਲ ਦੇ ਤਹਿਤ ਨਹੀਂ ਆਉਂਦੀ। ਇਸ ਲਈ ਜੋ ਵਿਦਿਆਰਥੀ ਆਰਥਕ ਤੌਰ 'ਤੇ ਕਮਜ਼ੋਰ ਤਬਕੇ (ਈ. ਡਬਲਿਊ. ਐਸ.) ਨਾਲ ਨਿਜੀ ਸਕੂਲਾਂ 'ਚ ਦਾਖਲਾ ਲੈਂਦੇ ਹਨ, ਉਨ੍ਹਾਂ ਨੂੰ ਸਮਾਜਿਕ ਵਿਤਕਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਇਲਾਵਾ, ਹਰੇਕ ਰਾਜ ਦੀ ਸਰਕਾਰ ਨੂੰ ਆਪਣੇ ਰਾਜ 'ਚ 'ਆਰਥਕ ਤੌਰ 'ਤੇ ਕਮਜ਼ੋਰ ਤੇ ਪਿੱਛੜੇਪਣ' ਦੀ ਪਰਿਭਾਸ਼ਾ ਤੈਅ ਕਰਨ ਦੀ ਖੁੱਲ੍ਹ ਹੋਵੇਗੀ।

## ਸਰਕਾਰ ਖ਼ੁਦ ਨੂੰ ਤੇ ਸਕੂਲ ਪ੍ਰਬੰਧਕਾਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਏਗੀ

ਬਿੱਲ ਦੀਆਂ ਕੁਝ ਹੋਰ ਧਾਰਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਧਿਕਾਰ ਦੇ ਤੌਰ 'ਤੇ ਸਿੱਖਿਆ ਨੂੰ ਹਾਸਲ ਕਰਨਾ ਜਾਂ ਜੇਕਰ ਇਹ ਅਧਿਕਾਰ ਨਾ ਮਿਲੇ ਤਾਂ ਵਿਵਸਥਾ ਨੂੰ ਚੁਣੌਤੀ ਦੇਣਾ ਜ਼ਿਆਦਾਤਰ ਪਰਿਵਾਰਾਂ ਲਈ ਬਹੁਤ ਮੁਸ਼ਕਿਲ ਜਾਂ ਲਗਭਗ ਅਸੰਭਵ ਹੋਵੇਗਾ।

ਮਿਸਾਲ ਦੇ ਤੌਰ 'ਤੇ , ਇਹ ਬਿੱਲ ਸਕੂਲਾਂ ਨੂੰ ਕੈਪਿਟੇਸ਼ਨ ਫ਼ੀਸ ਲੈਣ ਜਾਂ ਵਿਦਿਆਰਥੀਆਂ ਦੀ ਪ੍ਰਵੇਸ਼ ਪ੍ਰੀਖਿਆ ਆਦਿ ਲੈਣ ਤੋਂ ਰੋਕਦਾ ਹੈ।

ਪਰ ਬਿੱਲ ਦੀ ਧਾਰਾ 35 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੈਪਿਟੇਸ਼ਨ ਫ਼ੀਸ ਮੰਗਣ, ਪ੍ਰਵੇਸ਼ ਪ੍ਰੀਖਿਆ ਕਰਵਾਉਣ ਤੇ ਗੈਰ-ਮਾਨਤਾ ਸਕੂਲ ਚਲਾਉਣ ਲਈ ਕਨੂੰਨੀ ਕਾਰਵਾਈ ਕੁਝ ਸ਼ਰਤਾਂ ਅਨੁਸਾਰ ਹੀ ਕੀਤੀ ਜਾ ਸਕਦੀ ਹੈ।

ਹਾਲਾਂਕਿ ਬਿੱਲ 'ਚ ਇਹ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਆਪਣੀ ਸ਼ਿਕਾਇਤ ਨੂੰ ਸਥਾਨਕ ਅਧਿਕਾਰੀ ਕੋਲ ਲਿਜਾ ਸਕਦਾ ਹੈ, ਪਰ ਧਾਰਾ 35 ਵਿਚ ਕਿਹਾ ਗਿਆ ਹੈ ਕਿ "ਇਨ੍ਹਾਂ ਅਪਰਾਧਾਂ ਲਈ ਕਾਨੂੰਨੀ ਕਾਰਵਾਈ ਸਰਕਾਰ ਵੱਲੋਂ ਅਨੁਸੂਚਿਤ, ਅਧਿਕਾਰਤ ਅਫ਼ਸਰ ਦੀ ਪਹਿਲਾਂ ਇਜਾਜ਼ਤ ਦੇ ਬਿਨਾਂ ਨਹੀਂ ਕੀਤੀ ਜਾ

ਸਕਦੀ"। ਇਸਦਾ ਇਹ ਮਤਲਬ ਹੈ ਕਿ ਜਦ ਤਕ ਅਧਿਕਾਰਤ ਅਫ਼ਸਰ ਕਨੂੰਨੀ ਕਾਰਵਾਈ ਦੀ ਇਜਾਜ਼ਤ ਨਹੀਂ ਦਿੰਦਾ, ਤਦ ਤਕ ਦੋਸ਼ੀ ਸਕੂਲ ਖਿਲਾਫ਼ ਕੋਈ ਕਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ। ਮਤਲਬ ਕਿ, ਅਫ਼ਸਰਸ਼ਾਹੀ ਦੀਆਂ ਸਮੱਸਿਆਵਾਂ ਤੋਂ ਇਲਾਵਾ, ਕਿਸੇ ਸ਼ਿਕਾਇਤ ਦੀ ਸੁਣਵਾਈ ਹੋਵੇਗੀ ਜਾਂ ਨਹੀਂ, ਇਹ ਅਧਿਕਾਰਤ ਅਫ਼ਸਰ ਦੀ ਮਰਜ਼ੀ 'ਤੇ ਨਿਰਭਰ ਹੋਵੇਗਾ। ਅਧਿਕਾਰਤ ਅਫ਼ਸਰ 'ਤੇ ਦੋਸ਼ੀ ਸਕੂਲਾਂ ਦੇ ਪੱਖ 'ਚ ਕੰਮ ਕਰਨ ਦਾ ਦਬਾਅ ਪਾਇਆ ਜਾ ਸਕਦਾ ਹੈ (ਖਾਸ ਕਰ ਨਿੱਜੀ ਸਕੂਲ ਉਸ ਨੂੰ ਰਿਸ਼ਵਤ ਆਦਿ ਦੇ ਸਕਦੇ ਹਨ)।

ਬਿੱਲ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਬਾਲ ਅਧਿਕਾਰ ਸੁਰੱਖਿਆ ਦੇ ਰਾਸ਼ਟਰੀ ਅਯੋਗ ਤੇ ਬਾਲ ਅਧਿਕਾਰ ਸੁਰੱਖਿਆ ਦੇ ਰਾਜਕੀ ਅਯੋਗ ਨੂੰ ਦਿੱਤੀ ਗਈ ਹੈ। ਪਰ ਧਾਰਾ 36 ਅਨੁਸਾਰ, ਕੇਂਦਰੀ ਸਰਕਾਰ, ਰਾਜ ਸਰਕਾਰਾਂ, ਬਾਲ ਅਧਿਕਾਰ ਸੁਰੱਖਿਆ ਦੇ ਰਾਸ਼ਟਰੀ ਅਯੋਗ ਤੇ ਰਾਜਕੀ ਅਯੋਗਾਂ ਨੂੰ ਤੇ ਸਕੂਲ ਪ੍ਰਬੰਧਕਾਂ ਨੂੰ ਕਨੂੰਨੀ ਕਾਰਵਾਈ ਤੋਂ ਸੁਰੱਖਿਅਤ ਰੱਖਿਆ ਗਿਆ ਹੈ, ਜੇਕਰ ਉਹ ਇਸ ਬਿੱਲ ਦਾ "ਨੇਕ ਇਰਾਦਿਆਂ ਨਾਲ" ਉਲੰਘਣ ਕਰਦੇ ਹਨ। ਪਰ ਬਿੱਲ 'ਚ "ਨੇਕ ਇਰਾਦਿਆਂ" ਦੀ ਕੋਈ ਸਪੱਸ਼ਟ ਪਰਿਭਾਸ਼ਾ ਨਹੀਂ ਦਿੱਤੀ ਗਈ ਹੈ।

ਸਿੱਖਿਆ ਮਾਹਰਾਂ ਤੇ ਸਮਾਜਿਕ ਕਾਰਕੁੰਨਾਂ ਦਾ ਇਹ ਨਜ਼ਰੀਆ ਹੈ ਕਿ ਜੇਕਰ ਕੋਈ ਸਕੂਲ ਕਿਸੇ ਬੱਚੇ ਨੂੰ ਸਰੀਰਕ ਜਾਂ ਮਾਨਸਿਕ ਤਸੀਹੇ ਦਿੰਦਾ ਹੈ, ਤਾਂ ਉਹ "ਨੇਕ ਇਰਾਦੇ ਨਾਲ ਕੀਤਾ ਗਿਆ ਸੀ" ਦਾ ਬਹਾਨਾ ਬਣਾ ਕੇ ਬਚ ਸਕਦਾ ਹੈ। ਸਰਕਾਰ ਕਾਨੂੰਨ ਮੁਤਾਬਿਕ ਜ਼ਰੂਰੀ ਵਿਦਿਆਰਥੀ-ਸਿੱਖਿਅਕ ਅਨੁਪਾਤ ਨੂੰ ਪੂਰਾ ਨਾ ਕਰਦੇ ਹੋਏ ਵੀ ਬਚ ਸਕਦੀ ਹੈ, ਤੇ ਇਹ ਬਹਾਨਾ ਦੇ ਸਕਦੀ ਹੈ ਕਿ ਅਯੋਗ ਸਿਖਿਆਰਥੀਆਂ ਨੂੰ ਨਿਯੁਕਤ ਨਹੀਂ ਕਰਨਾ ਚਾਹੁੰਦੀ ਸੀ।

## "ਗੁਆਂਢ" ਦੀ ਪਰਿਭਾਸ਼ਾ ਸਰਕਾਰ ਦੀ ਮਰਜ਼ੀ ਅਨੁਸਾਰ

ਬਿੱਲ ਅਨੁਸਾਰ, "6 ਤੋਂ 14 ਵਰ੍ਹੇ ਦੇ ਹਰ ਬੱਚੇ ਨੂੰ ਮੁੱਢਲੀ ਸਿੱਖਿਆ ਦੀ ਸਮਾਪਤੀ ਤੱਕ, ਗੁਆਂਢ ਦੇ ਸਕੂਲ 'ਚ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਮਿਲੇਗਾ।" ਹਰ ਰਾਜ ਸਰਕਾਰ ਨੂੰ 3 ਸਾਲ ਦੇ ਅੰਦਰ ਹਰ ਇਲਾਕੇ 'ਚ ਗੁਆਂਢ ਦੇ ਸਕੂਲ ਸਥਾਪਤ ਕਰਨੇ ਪੈਣਗੇ, ਅਤੇ ਤਦ ਤਕ ਸਥਾਨਕ ਅਧਿਕਾਰੀ ਬੱਚੇ ਨੂੰ ਕਿਸੇ ਦੂਰ ਦੇ ਸਕੂਲ 'ਚ ਭੇਜ ਸਕਦੇ ਹਨ। ਪਰ ਕਿਸੇ ਵੀ ਇਲਾਕੇ 'ਚ 'ਗੁਆਂਢ' ਦੀ ਪਰਿਭਾਸ਼ਾ ਉਥੇ ਦੀ ਰਾਜ ਸਰਕਾਰ ਤੇ ਸਥਾਨਕ ਅਧਿਕਾਰੀ ਦੀ ਮਰਜ਼ੀ 'ਤੇ ਛੱਡ ਦਿੱਤੀ ਗਈ ਹੈ। ਸਾਡੇ ਦੇਸ਼ ਦੇ ਭੁਗੋਲਿਕ ਤੇ ਸਮਾਜਿਕ ਵਖਰੇਵੇਂ ਦਾ ਧਿਆਨ ਰੱਖਦੇ ਹੋਏ, ਇਹ ਸ਼ੰਕਾ ਜ਼ਰੂਰ ਪੈਦਾ ਹੁੰਦਾ ਹੈ ਕਿ ਇਹ ਦੂਰ-ਦਰਾਜ ਦੇ ਇਲਾਕਿਆਂ 'ਚ, ਪਰਬਤੀ, ਜੰਗਲੀ ਤੇ ਦੂਸਰੇ ਘੱਟ ਵਿਕਸਤ ਇਲਾਕਿਆਂ 'ਚ ਗਰੀਬ ਬੱਚਿਆਂ ਨੂੰ ਸਿੱਖਿਆ ਹਾਸਲ ਕਰਨ 'ਚ ਕਿੰਨੀ ਕੁ ਮੱਦਦ ਕਰ ਸਕੇਗਾ।

## ਸਰਕਾਰੀ ਨਿੱਜੀ ਸਾਂਝੇਦਾਰੀ — ਨਿੱਜੀ ਮੁਨਾਫ਼ੇ ਕਮਾਉਣ 'ਚ ਮੱਦਦ ਦੇਣ ਦਾ ਦੂਸਰਾ ਨਾਮ

2007 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੇਸ਼ ਦੇ "ਸਿੱਖਿਆ 'ਚ ਸਭ ਤੋਂ ਪੱਛੜੇ" ਬਲਾਕਾਂ 'ਚ, ਸਰਕਾਰੀ-ਨਿੱਜੀ ਸਾਂਝੇਦਾਰੀ ਦੇ ਤਹਿਤ 6000 'ਆਦਰਸ਼' ਸਕੂਲਾਂ ਦੀ ਸਥਾਪਨਾ ਦੀ ਯੋਜਨਾ ਘੋਸ਼ਿਤ ਕੀਤੀ ਸੀ। ਇਨ੍ਹਾਂ 'ਆਦਰਸ਼' ਸਕੂਲਾਂ ਨੂੰ ਆਪਣੇ ਖੇਤਰ ਦੇ ਹੋਰ ਸਕੂਲਾਂ ਦੇ ਲਈ ਮਿਸਾਲ ਮੰਨਿਆ ਜਾਵੇਗਾ। ਇਨ੍ਹਾਂ 'ਆਦਰਸ਼' ਸਕੂਲਾਂ ਨੂੰ 'ਸਿੱਖਿਆ ਦਾ ਅਧਿਕਾਰ ਬਿੱਲ' ਦੀ ਸਫਲਤਾ ਦੇ ਲਈ 'ਜ਼ਰੂਰੀ ਥੰਮ' ਦੱਸਿਆ ਗਿਆ ਹੈ।

ਸਰਕਾਰ ਤੇ ਉਦਯੋਗ ਦੇ ਪ੍ਰਤੀਨਿਧੀਆਂ ਦੇ ਵਿਚ ਕਾਫ਼ੀ ਸਮਾਂ ਲੰਮਾ ਵਿਵਾਦ ਚੱਲਿਆ, ਕਿ ਇਸ 'ਚ ਕਿੰਨਾ ਸਰਕਾਰੀ ਪੂੰਜੀ ਦਾ ਨਿਵੇਸ਼ ਹੋਣਾ ਚਾਹੀਦਾ ਹੈ ਤੇ ਕਿੰਨਾ ਨਿੱਜੀ, ਕਿ ਮੁੱਢਲੇ ਅਧਿਕਾਰ ਸਰਕਾਰ ਨੂੰ ਮਿਲਣਗੇ ਜਾਂ ਨਿੱਜੀ ਸਾਂਝੇਦਾਰ ਨੂੰ। ਹੁਣ ਇਹ ਰਿਪੋਰਟ ਕੀਤੀ ਜਾ ਰਹੀ ਹੈ ਕਿ ਮੁੱਢਲੇ 2500 'ਆਦਰਸ਼' ਸਕੂਲਾਂ ਦੇ ਲਈ ਮੰਤਰੀਮੰਡਲ ਨੂੰ ਜੋ ਨਮੂਨਾ ਪੇਸ਼ ਕੀਤਾ ਜਾਵੇਗਾ, ਉਸ 'ਚ ਸਰਕਾਰ ਪ੍ਰਤੀ ਸਕੂਲ 50 ਲੱਖ ਰੁਪਏ ਦਾ ਸ਼ੁਰੂਆਤੀ ਪੂੰਜੀ ਦਾ ਨਿਵੇਸ਼ ਕਰੇਗੀ, ਜਿਸ ਦੇ ਬਾਅਦ ਉਹ ਇਨ੍ਹਾਂ ਸਕੂਲਾਂ ਦੇ ਪ੍ਰਬੰਧਨ ਤੋਂ ਹਟ ਜਾਵੇਗੀ। ਇਨ੍ਹਾਂ ਸਕੂਲਾਂ ਦੇ ਲਈ ਆਉਣ ਵਾਲੇ ਸਾਲਾਂ 'ਚ ਸਰਕਾਰ ਵੱਲੋਂ ਕੋਈ ਬਜਟ ਨਹੀਂ ਬਣੇਗਾ। ਮਤਲਬ ਕਿ, ਸ਼ੁਰੂਆਤੀ ਪੂੰਜੀਨਿਵੇਸ਼ ਦੇ ਬਾਅਦ ਸਰਕਾਰ ਇਨ੍ਹਾਂ 'ਆਦਰਸ਼' ਸਕੂਲਾਂ ਦਾ ਪ੍ਰਬੰਧਨ ਨਿੱਜੀ ਸੰਸਥਾਵਾਂ ਨੂੰ ਦੇਣ ਜਾ ਰਹੀ ਹੈ, ਜੋ ਫਿਰ ਤੋਂ ਇਨ੍ਹਾਂ 'ਚ ਆਪਣੀ ਫ਼ੀਸ ਅਤੇ ਮਾਪਦੰਡ ਤੈਅ ਕਰਕੇ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਬਣਾਉਣਗੀਆਂ।

14 ਵਰ੍ਹੇ ਦੀ ਉਮਰ (8ਵੀਂ ਜਮਾਤ) ਤੱਕ ਸਿੱਖਿਆ ਪ੍ਰਾਪਤ ਕਰਨ ਦੇ ਬਾਅਦ, ਉਨ੍ਹਾਂ ਬੱਚਿਆਂ ਦੇ ਪ੍ਰਤੀ ਸਰਕਾਰ ਦੀ ਕੀ ਜ਼ਿੰਮੇਵਾਰੀ ਹੋਵੇਗੀ --- ਇਸ ਬਾਰੇ ਬਿੱਲ 'ਚ ਕੋਈ ਜ਼ਿਕਰ ਨਹੀਂ ਹੈ। ਜੇਕਰ 8ਵੀਂ ਜਮਾਤ ਦੇ ਬਾਅਦ ਇਨ੍ਹਾਂ ਬੱਚਿਆਂ ਨੂੰ ਆਪਣੇ-ਆਪਣੇ ਇਲਾਕਿਆਂ 'ਚ ਸਿਰਫ਼ ਨਿੱਜੀ ਸਕੂਲ ਹੀ ਉਪਲੱਬਧ ਹੋਣ (ਜਿਸ ਤਰ੍ਹਾਂ ਕਿ ਕਈ ਇਲਾਕਿਆਂ 'ਚ ਹੋ ਸਕਦਾ ਹੈ) ਤੇ ਉਹ ਨਿੱਜੀ ਸਕੂਲ ਦੀਆਂ ਉੱਚੀਆਂ ਫ਼ੀਸਾਂ ਨਹੀਂ ਦੇ ਸਕਦੇ ਜਾਂ ਉਨ੍ਹਾਂ ਦੇ ਸਿੱਖਿਅਕ ਮਾਪਦੰਡਾਂ ਦੇ ਬਰਾਬਰ ਨਹੀਂ ਪਹੁੰਚ ਸਕਦੇ, ਤਾਂ ਉਨ੍ਹਾਂ ਦੇ ਕੋਲ ਸਿੱਖਿਆ ਛੱਡਣ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ਰਹੇਗਾ।

ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਬਿੱਲ ਤਾਂ ਸੰਸਦ 'ਚ ਪਾਸ ਹੋ ਗਿਆ ਹੈ, ਪਰ ਹੁਣ ਬਹੁਤ ਸਾਰੇ ਸੰਸਥਾਗਤ ਤੇ ਅਫ਼ਸਰਸ਼ਾਹੀ ਕਦਮ ਪੂਰੇ ਕਰਨੇ ਪੈਣਗੇ, ਤਦ ਹੀ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਕਨੂੰਨ ਦਾ ਲਾਭ ਮਿਲੇਗਾ।

## ਧਨ ਦਾ ਸ੍ਰੋਤ ਹੁਣ ਤੱਕ ਅਨਿਸਚਿਤ

ਬਿੱਲ 'ਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇੰਨੀ ਵੱਡੀ ਯੋਜਨਾ ਦੇ ਲਈ ਪੈਸਾ ਕਿਥੋਂ ਪ੍ਰਾਪਤ ਹੋਵੇਗਾ। ਮਾਨਵ ਸੰਸਾਧਨ ਵਿਕਾਸ ਮੰਤਰਾਲੇ ਤੇ ਵਿੱਤ ਅਯੋਗ ਨੂੰ, ਇਸ ਬਿੱਲ ਨੂੰ ਲਾਗੂ ਕਰਨ ਲਈ ਧਨ ਪ੍ਰਾਪਤੀ ਦੇ ਤੌਰ-ਤਰੀਕੇ ਅਜੇ ਤੈਅ ਕਰਨੇ ਹਨ। ਕੇਂਦਰ ਤੇ ਰਾਜਾਂ ਦੇ ਵਿਚਾਲੇ ਇਸ ਦੇ ਵਿੱਤੀ ਭਾਰ ਨੂੰ ਕਿਸ ਤਰ੍ਹਾਂ ਵੰਡਿਆ ਜਾਵੇਗਾ, ਇਹ ਵੀ ਤੈਅ ਕਰਨਾ ਹੈ। ਮੌਜੂਦਾ ਵਿੱਤੀ ਵਰ੍ਹੇ ਦੇ ਲਈ ਕੇਂਦਰ ਸਰਕਾਰ ਨੂੰ ਬਜਟ ਬਟਵਾਰੇ 'ਚ ਸੋਧ ਲਈ ਸੰਸਦ ਦੀ ਇਜਾਜ਼ਤ ਲੈਣੀ ਪਵੇਗੀ।

ਉਪਰੋਕਤ ਤੱਥਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਾਲਾਂਕਿ 'ਸਿੱਖਿਆ ਦਾ ਅਧਿਕਾਰ' ਬਿੱਲ ਲੋਕ ਸਮੂਹ ਦੀ ਆਸਾਂ ਤੇ ਮੰਗਾਂ ਦਾ ਨਤੀਜਾ ਹੈ, ਪਰ ਇਸ ਦੇ ਜ਼ਰੀਏ ਆਮ ਮਿਹਨਤਕਸ਼ ਲੋਕ ਸਰਕਾਰ ਨੂੰ ਜਵਾਬਦੇਹ ਬਨਾਉਣ ਲਈ ਸਹੀ ਮਾਇਨੇ 'ਚ

ਬਾਕੀ ਸਫਾ 13 'ਤੇ

# ਮਨੀਪੁਰ ’ਚ ਝੂਠੇ ਮੁਕਾਬਲੇ ’ਚ ਹੱਤਿਆ ਦੀ ਸਖਤ ਨਿਖੇਧੀ ਕਰੋ!




ਮਨੀਪੁਰ ਪੁਲਿਸ ਕਮਾਂਡੋ (ਐਮ.ਪੀ.ਸੀ.) ਵੱਲੋਂ 23 ਜੁਲਾਈ ਨੂੰ ਇੰਫਾਲ ਸ਼ਹਿਰ ’ਚ ਦਿਨ ਦਿਹਾੜੇ, ਰਾਜ ਵਿਧਾਨ ਸਭਾ ਤੋਂ ਲਗਭਗ 500 ਮੀਟਰ ਦੀ ਦੂਰੀ ਤੇ ਇੱਕ ਬੇਕਸੂਰ ਨਿਹੱਥੇ ਨੌਜਵਾਨ, ਚੁੰਗਖਾਮ ਸੰਜੀਤ ਦੇ ਭਿਆਨਕ ਕਤਲ ਤੋਂ ਬਾਅਦ, ਸੰਪੂਰਨ ਮਨੀਪੁਰ ਰਾਜ ਤੇ ਦਿੱਲੀ ਤੇ ਹੋਰ ਥਾਵਾਂ ’ਤੇ ਲੋਕਾਂ ਨੇ ਭਾਰੀ ਸੰਖਿਆ ’ਚ ਵਿਰੋਧ ਪ੍ਰਦਰਸ਼ਨ ਕੀਤੇ ਹਨ। ਕਮਾਂਡੋ ਦੀਆਂ ਗੋਲੀਆਂ ਨਾਲ ਕੋਲ ਖੜ੍ਹੀ ਇਕ 23 ਸਾਲਾ ਗਰਭਵਤੀ ਔਰਤ ਵੀ ਮਾਰੀ ਗਈ ਤੇ ਪੰਜ ਹੋਰ ਲੋਕ ਜ਼ਖ਼ਮੀ ਹੋਏ।

ਐਮ.ਪੀ.ਸੀ. ਨੇ ਇਸ ਹੱਤਿਆਕਾਂਡ ਨੂੰ ਇਕ ਹੋਰ ਅੱਤਵਾਦੀ ਦੀ ‘‘ਮੁਕਾਬਲੇ ’ਚ ਮੌਤ’’ ਦੱਸਿਆ ਹੈ। ਅਧਿਕਾਰੀਆਂ ਵੱਲੋਂ ਦੱਸੀ ਗਈ ਸਰਕਾਰੀ ਰਿਪੋਰਟ ਅਨੁਸਾਰ, ਐਮ.ਪੀ.ਸੀ ਇੰਫਾਲ ਦੇ ਬਾਜ਼ਾਰ ’ਚ ਲੋਕਾਂ ਦੀ ਤਲਾਸ਼ੀ ਲੈ ਰਹੇ ਸਨ ਤੇ ਜਦ ਉਨ੍ਹਾਂ ਨੇ ਉਸ ਨੌਜਵਾਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਭੱਜਣ ਲੱਗਿਆ ਤੇ ਪੁਲਿਸ ’ਤੇ ਗੋਲੀਆਂ ਚਲਾਈਆਂ। ਪੁਲਿਸ ਨੇ ਉਸ ਨੂੰ ਇਕ ਦਵਾਈਆਂ ਦੀ ਦੁਕਾਨ ਦੇ ਅੰਦਰ ਫੜਿਆ, ਜਿਥੇ ਉਸ ਨੇ ਪੁਲਿਸ ’ਤੇ ਫੇਰ ਗੋਲੀ ਚਲਾਈ ਤੇ ਪੁਲਿਸ ਕੋਲ ਉਸ ਨੂੰ ਮਾਰ ਮੁਕਾਉਣ ਦੇ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ। ਪੁਲਿਸ ਅਨੁਸਾਰ, ਨੌਜਵਾਨ ਦੀ ਲਾਸ਼ ਕੋਲ ਇਕ ਪਿਸਤੌਲ ਮਿਲਿਆ। ਪਰ ਕਿਸੇ ਚਸ਼ਮਦੀਨ ਗਵਾਹ ਨੇ ਪੂਰੀ ਵਾਰਦਾਤ ਦੀਆਂ ਤਸਵੀਰਾਂ ਖਿੱਚੀਆਂ ਤੇ ਨਵੀਂ ਦਿੱਲੀ ਤੋਂ ਪ੍ਰਕਾਸ਼ਤ ਹੋਣ ਵਾਲੇ ਇਕ ਹਫ਼ਤਾਵਰੀ ਪਰਚੇ ਨੇ ਉਨ੍ਹਾਂ ਤਸਵੀਰਾਂ ਨੂੰ ਪ੍ਰਕਾਸ਼ਤ ਕਰਕੇ ਇਸ ਦਾ ਪੂਰਾ ਖੁਲਾਸਾ ਕੀਤਾ। ਤਸਵੀਰਾਂ ’ਚ ਇਹ ਸਾਫ਼ ਦਿਖਾਈ ਦਿੰਦਾ ਹੈ ਕਿ ਨੌਜਵਾਨ ਕੋਲ ਕੋਈ ਹਥਿਆਰ ਨਹੀਂ ਸੀ, ਜਦ ਪੁਲਿਸ ਉਸ ਦੀ ਤਲਾਸ਼ੀ ਲੈ ਰਹੀ ਸੀ ਤਾਂ ਉਸ ਨੇ ਕੋਈ ਵਿਰੋਧ ਨਹੀਂ ਕੀਤਾ। ਫਿਰ ਪੁਲਿਸ ਉਸ ਨੂੰ ਆਪਣੇ ਨਾਲ ਦਵਾਈਆਂ ਦੀ ਦੁਕਾਨ ਦੇ ਅੰਦਰ ਲੈ ਗਈ ਤੇ ਉਸ ਤੋਂ ਬਾਅਦ ਉਸ ਦੀ ਲਾਸ਼ ਪੁਲਿਸ ਵੱਲੋਂ ਬਾਹਰ ਲਿਆਂਦੀ ਗਈ। ਬਾਅਦ ਵਿੱਚ ਪੁਲਿਸ ਵੱਲੋਂ ਵਾਰਦਾਤ ਦੇ ਦਿੱਤੇ ਗਏ ਵੇਰਵੇ ’ਚ ਕਈ ਖਾਮੀਆਂ ਸਾਹਮਣੇ ਆਈਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਪੁਲਿਸ ਦੇ ਦਾਅਵੇ ਬਿਲਕੁੱਲ ਝੂਠੇ ਸਨ; ਉਹ ਨੌਜਵਾਨ ਕੋਈ "ਖਤਰਨਾਕ ਅੱਤਵਾਦੀ" ਨਹੀਂ ਸੀ ਬਲਕਿ ਇੱਕ ਆਮ ਨਾਗਰਿਕ ਸੀ (ਜਿਸ ਨੇ ਕਈ ਵਰ੍ਹੇ ਪਹਿਲਾਂ ਪੀ. ਐਲ.ਏ. ਦੇ ਨਾਲ ਆਪਣਾ ਸਬੰਧ ਸਮਾਪਤ ਕਰ ਦਿੱਤਾ ਸੀ)।

ਇਸ ਸੱਚਾਈ ਦੇ ਪਤਾ ਚਲਦੇ ਹੀ ਪੂਰੇ ਮਨੀਪੁਰ ਤੇ ਰਾਜਧਾਨੀ ਇੰਫਾਲ ’ਚ ਲੋਕ ਭਾਰੀ ਸੰਖਿਆ ’ਚ ਸੜਕਾਂ ’ਤੇ ਨਿਕਲ ਆਏ ਤੇ ਇਸ ਵਾਰਦਾਤ ਦੀ ਅਦਾਲਤੀ ਜਾਂਚ ਤੇ ਮਨੀਪੁਰ ’ਚ ਸਰਕਾਰੀ ਅੱਤਵਾਦ ਦੇ ਅੰਤ ਦੀ ਮੰਗ ਉਠਾਉਣ ਲੱਗੇ। ਮਨੀਪੁਰ ਦੇ ਮੁੱਖਮੰਤਰੀ ਨੇ ਪਹਿਲਾਂ ਤਾਂ ਵਿਧਾਨਸਭਾ ’ਚ ਇਹ ਐਲਾਨ ਕੀਤਾ ਸੀ ਕਿ "ਅੱਤਵਾਦੀਆਂ ਨੂੰ ਮਾਰ ਦੇਣ ਦੇ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ।" ਪਰ ਜਨਤਾ ਦੇ ਵਿਰੋਧ ਦੇ ਸਾਹਮਣੇ ਉਸ ਨੂੰ ਝੁਕਣਾ ਪਿਆ ਤੇ ਅਦਾਲਤੀ ਜਾਂਚ ਤੇ ਹੱਤਿਆ ਦੇ ਲਈ ਦੋਸ਼ੀ ਛੇ ਪੁਲਿਸ ਕਰਮਚਾਰੀਆਂ ਦੀ ਬਰਖ਼ਾਸਤਗੀ ਦਾ ਹੁਕਮ ਦੇਣਾ ਪਿਆ।

ਕਈ ਦਹਾਕਿਆਂ ਤੋਂ ਮਨੀਪੁਰ ਕੇਂਦਰੀ ਤੇ ਰਾਜ ਸੁਰੱਖਿਆ ਬਲਾਂ ਦੀ ਨਿਗਰਾਨੀ ’ਚ ਰਿਹਾ ਹੈ। "ਬਗਾਵਤ ਨੂੰ ਰੋਕਣ" ਦੇ ਬਹਾਨੇ ਉਥੇ ਦੇ ਆਮ ਲੋਕਾਂ ਉੱਤੇ ਭਿਆਨਕ ਜਬਰ ਦੀ ਮੁਹਿੰਮ ਛੇੜ ਦਿੱਤੀ ਗਈ ਹੈ। ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰਾਂ ਤਹਿਤ ਫੌਜ ਨੂੰ ਜਨਤਾ ’ਤੇ ਜ਼ੁਲਮ

## ਕੀ ਮਿਹਨਤਕਸ਼ਾਂ ਦੇ ਬੱਚਿਆਂ...

**ਸਫਾ 12 ਦੀ ਬਾਕੀ**

ਯੋਗ ਨਹੀਂ ਹੋਣਗੇ, ਜੇਕਰ ਸਰਕਾਰ ਸਾਰਿਆਂ ਨੂੰ ਮੁਨਾਸਬ ਖਰਚ ’ਤੇ ਚੰਗੀ ਸਿੱਖਿਆ ਦਾ ਮੁੱਢਲਾ ਅਧਿਕਾਰ ਦਿਵਾਉਣ ਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੀ। ਅਸੀਂ ਦੇਖ ਸਕਦੇ ਹਾਂ ਕਿ ਬਿੱਲ ’ਚ ਇਸ ਤਰ੍ਹਾਂ ਦੇ ਨੁਕਸ ਹਨ, ਜੋ ਸਰਕਾਰ ਨੂੰ ਇਸ ਮਾਮਲੇ ’ਚ ਆਪਣੀ ਜ਼ਿੰਮੇਵਾਰੀ ਨਿੱਜੀ ਪੂੰਜੀਪਤੀਆਂ ਨੂੰ ਦੇਣ ਦੀ ਖੁੱਲ੍ਹ ਦਿੰਦੇ ਹਨ, ਨਿੱਜੀ ਪੂੰਜੀਪਤੀਆਂ ਨੂੰ ਸਿੱਖਿਆ ਦਿਵਾਉਣ ਦੇ ਨਾਮ ’ਤੇ ਮੋਟੇ ਮੁਨਾਫ਼ੇ ਕਮਾਉਣ ਦੀ ਖੁੱਲ੍ਹ ਦਿੰਦੇ ਹਨ ਤੇ ਸਰਕਾਰ ਤੇ ਨਿੱਜੀ ਪੂੰਜੀਪਤੀਆਂ ਨੂੰ ਲੋਕਾਂ ਦੇ ਗੁੱਸੇ ਤੋਂ ਬਚਣ ਦੇ ਰਾਹ ਵੀ ਦਿੰਦੇ ਹਨ। ਜ਼ਿਆਦਾ ਤੋਂ ਜ਼ਿਆਦਾ, ਇਸ ਨਾਲ ਵਰਤਮਾਨ ਦੀ ਤੁਲਨਾ ’ਚ, ਕੁਝ ਜ਼ਿਆਦਾ ਸੰਖਿਆ ’ਚ ਨੌਜਵਾਨਾਂ ਨੂੰ ਕੁਝ ਹੱਦ ਤੱਕ ਸਿੱਖਿਆ ਮਿਲੇਗੀ, ਤਾਕਿ ਉਹ ਵਰਤਮਾਨ ’ਚ ਕੁਝ ਜ਼ਿਆਦਾ ਕੁਸ਼ਲਤਾ ਹਾਸਲ ਕਰਕੇ ਮਜ਼ਦੂਰ ਸ਼ਕਤੀ ’ਚ ਪ੍ਰਵੇਸ਼ ਕਰ ਸਕਣਗੇ ਤੇ ਉਥੇ ਪੂੰਜੀਪਤੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਬਣ ਕੇ ਉਨ੍ਹਾਂ ਦੇ ਮੋਟੇ ਮੁਨਾਫਿਆਂ ਨੂੰ ਕਮਾਉਣ ਦਾ ਸਾਧਣ ਬਨਣਗੇ।

ਮੁਨਾਸਬ ਖਰਚ ’ਤੇ, ਸਰਬਵਿਆਪੀ ਤੇ ਚੰਗੀ ਸਿੱਖਿਆ ਨੂੰ ਸਾਰੇ ਬੱਚਿਆਂ ਦਾ ਮੁੱਢਲਾ ਅਧਿਕਾਰ ਬਨਾਉਣ ਦੇ ਸੰਘਰਸ਼ ਨੂੰ, ਅਤੇ ਜੇਕਰ ਰਾਜ ਇਸ ਅਧਿਕਾਰ ਨੂੰ ਸੁਨਿਸ਼ਚਿਤ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਨਹੀਂ ਨਿਭਾਉਂਦਾ ਤਾਂ ਉਸ ਨੂੰ ਜਵਾਬਦੇਹ ਠਹਿਰਾਉਣ ਦੇ ਸਾਧਨ ਸਥਾਪਤ ਕਰਨ ਦੇ ਲਈ ਸੰਘਰਸ਼ ਨੂੰ ਹੋਰ ਅੱਗੇ ਵਧਾਉਣਾ ਹੋਵੇਗਾ, ਜਦ ਤੱਕ ਇਹ ਅਧਿਕਾਰ ਹਕੀਕਤ ’ਚ ਸਾਰਿਆਂ ਨੂੰ ਮਿਲ ਨਹੀਂ ਜਾਂਦਾ। ■

ਕਰਨ ਤੇ ਕਤਲੇਆਮ ਕਰਨ ਦੀ ਖੁਲ੍ਹੀ ਛੁੱਟੀ ਦਿੱਤੀ ਗਈ ਹੈ ਤੇ ਉਨ੍ਹਾਂ ’ਤੇ ਕੋਈ ਕਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਵਰਨਣਯੋਗ ਹੈ ਕਿ 2004 ’ਚ 18 ਸਾਲਾ ਰਾਸ਼ਟਰੀ ਵੀਰ ਬਾਲਕ ਪੁਰਸਕਾਰ ਦੇ ਵਿਜੇਤਾ ਸਮੇਤ 10 ਨਾਗਰਿਕਾਂ ਦੇ ਅਸਮ ਰਾਈਫਲਸ ਵੱਲੋਂ ਕਤਲ ਦੇ ਬਾਅਦ ਇਰੋਮ ਸ਼ਰਮਿਲਾ ਨੂੰ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਦੇ ਖਿਲਾਫ਼ ਭੁੱਖ ਹੜਤਾਲ ਸ਼ੁਰੂ ਕਰਨੀ ਪਈ ਸੀ, ਜੋ ਅੱਜ ਤੱਕ ਜਾਰੀ ਹੈ। ਜੁਲਾਈ 2004 ’ਚ ਮਨੀਪੁਰ ’ਚ ਮਾਤਾਵਾਂ ਨੇ ਅਸਮ ਰਾਈਫਲਸ ਦੇ ਮੁੱਖ ਦਫ਼ਤਰ ਦੇ ਸਾਹਮਣੇ ਪ੍ਰਦਰਸ਼ਨ ਕਰਕੇ ਫੌਜ ਨੂੰ ਚੁਣੌਤੀ ਦਿੱਤੀ ਕਿ ਉਹ ਆ ਕੇ ਮਾਤਾਵਾਂ ਦਾ ਬਲਾਤਕਾਰ ਕਰੇ। ਇਹ ਵਿਰੋਧ ਪ੍ਰਦਰਸ਼ਨ, ਉਸ ਤੋਂ ਦੋ ਹਫਤੇ ਪਹਿਲਾਂ 32 ਸਾਲਾ ਮਨੋਰਮਾ ਦੇਵੀ ਦੇ ਬਲਾਤਕਾਰ, ਉਤਪੀੜਨ ਤੇ ਕਤਲ ਦੇ ਖਿਲਾਫ਼ ਸੀ। ਮਨੋਰਮਾ ਦੇਵੀ ਨੂੰ ਅਸਮ ਰਾਈਫਲਸ ਦੇ ਕਰਮਚਾਰੀਆਂ ਨੇ ਰਾਤ ਨੂੰ ਉਨ੍ਹਾਂ ਦੇ ਘਰ ਤੋਂ ਚੁੱਕ ਲਿਆ ਸੀ। ਮਾਤਾਵਾਂ ਦੇ ਵਿਰੋਧ ਪ੍ਰਦਰਸ਼ਨ ਨੇ ਪੂਰੇ ਦੇਸ਼ ਦੀ ਜਨਤਾ ਨੂੰ ਝੰਜੋੜ ਦਿੱਤਾ। ਮਨੀਪੁਰ ਤੇ ਸਾਰੇ ਪੂਰਬ ਉੱਤਰ ਰਾਜਾਂ, ਦਿੱਲੀ, ਮੁੰਬਈ ਤੇ ਕਈ ਹੋਰ ਸ਼ਹਿਰਾਂ ’ਚ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਦੇ ਖਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ। ਸਰਕਾਰ ਨੇ ਜਨਤਾ ਦੇ ਗੁੱਸੇ ਨੂੰ ਠੰਡਾ ਕਰਨ ਲਈ ਇੰਫਾਲ ਸ਼ਹਿਰ ਦੇ ਕੁਝ ਚੁਣੇ ਇਲਾਕਿਆਂ ਤੋਂ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਨੂੰ ਹਟਾਇਆ। ਪਰ ਉਥੇ ਸਰਕਾਰੀ ਅੱਤਵਾਦ ਬੇਰੋਕ ਜਾਰੀ ਰਿਹਾ ਹੈ ਤੇ ਇੰਫਾਲ ਦੇ ਦੂਸਰੇ ਇਲਾਕਿਆਂ ਤੇ ਰਾਜ ਦੇ ਹੋਰ ਹਿੱਸਿਆਂ ’ਚ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਅਜੇ ਵੀ ਲਾਗੂ ਹੈ।

23 ਜੁਲਾਈ ਦੀ ਹੱਤਿਆ ਦਾ ਦੋਸ਼ੀ ਮਨੀਪੁਰ ਪੁਲਿਸ ਕਮਾਂਡੋ ਦਲ ਦੇ ਜ਼ਰੀਏ ਇਨ੍ਹੀ ਦਿਨੀ ’ਚ ਇੰਫਾਲ ਤੇ ਬਾਕੀ ਮਨੀਪੁਰ ’ਚ ਵੱਡੇ ਪੱਧਰ ’ਤੇ ਸਰਕਾਰੀ ਅੱਤਵਾਦ ਫੈਲਾਇਆ ਜਾ ਰਿਹਾ ਹੈ। ਮਨੀਪੁਰ ਪੁਲਿਸ ਕਮਾਂਡੋ ਦੀ ਸਥਾਪਨਾ 1979 ’ਚ ਹੋਈ ਸੀ। ਇਸ ਨੂੰ ਇਕ ਐਕਸ਼ਨ ਫੋਰਸ ਦੇ ਰੂਪ ’ਚ "ਵਿਸ਼ੇਸ਼ ਕਾਰਵਾਈਆਂ" ਦੇ ਲਈ ਸਥਾਪਿਤ ਕੀਤਾ ਗਿਆ ਸੀ ਤੇ ਇਸ ਨੂੰ ਹੁਕਮ ਦਿੱਤੇ ਗਏ ਸਨ ਕਿ ਸਿਰਫ ਗੋਲੀ ਦੇ ਜਵਾਬ ’ਚ ਹੀ ਗੋਲੀ ਚਲਾਉਣਾ, ਔਰਤਾਂ, ਬੱਚਿਆਂ, ਬਜ਼ੁਰਗਾਂ ’ਤੇ ਖਾਸ ਧਿਆਨ ਦੇਣਾ, ਸ਼ੱਕ ਦੇ ਆਧਾਰ ’ਤੇ ਫੜੇ ਗਏ ਲੋਕਾਂ ਦੀ ਸੁਰੱਖਿਆ ਦਾ ਧਿਆਨ ਰੱਖਣਾ ਆਦਿ। ਮਨੀਪੁਰ ਪੁਲਿਸ ਕਮਾਂਡੋ ਸ਼ਹਿਰ ਤੋਂ ਦੂਰ ਸਥਿਤ ਬੈਰਕਾਂ ’ਚ ਰਹਿੰਦੇ ਹਨ ਤੇ ਆਮ ਜਨਤਾ ਦੇ ਨਾਲ ਉਨ੍ਹਾਂ ਦਾ ਬਹੁਤ ਘੱਟ ਸੰਪਰਕ ਹੁੰਦਾ ਹੈ, ਹਾਲਾਂਕਿ ਉਸ ਦੇ ਕਰਮਚਾਰੀ ਸਥਾਨਕ ਲੋਕ ਹਨ। ਇਹ ਦਲ ਮਨੀਪੁਰ ਦੇ 4 ਜ਼ਿਲ੍ਹਿਆਂ--ਪੂਰਬੀ ਇੰਫਾਲ, ਪੱਛਮੀ ਇੰਫਾਲ, ਥੌਬਾਲ ਤੇ ਬਿਸ਼ਣੁਪੁਰ ’ਚ ਕਾਰਜਸ਼ੀਲ ਹਨ। ਇਸ ਦਲ ’ਤੇ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਲਾਗੂ ਨਹੀਂ ਹੁੰਦਾ, ਪਰ ਇਹ ਗੈਰ-ਨਿਆਂਇਕ ਹੱਤਿਆ ਤੇ ਝੂਠੇ ਮੁਕਾਬਲਿਆਂ ਲਈ ਬਹੁਤ ਬਦਨਾਮ ਹੈ।

ਮਿਸਾਲ ਦੇ ਤੌਰ ’ਤੇ 2008 ’ਚ, ਮਨੀਪੁਰ ਪੁਲਿਸ ਕਮਾਂਡੋ ਨੂੰ ਉਤਪੀੜਨ ਤੇ ਹੱਤਿਆ ਦੀਆਂ 27 ਵਾਰਦਾਤਾਂ ਦੇ ਲਈ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਦੇ ਤਰੀਕੇ ਹਨ: ਖੁੱਲ੍ਹੇ ਬਾਜ਼ਾਰਾਂ ਤੇ ਸੜਕਾਂ ’ਤੇ ਦਿਨ-ਦਿਹਾੜੇ ਮੁਕਾਬਲੇ ਕਰਵਾਉਣਾ (ਜਿਸ ਤਰ੍ਹਾਂ ਕਿ 23 ਜੁਲਾਈ ਨੂੰ ਹੋਇਆ), ਬੇਕਸੂਰ ਨਾਗਰਿਕਾਂ ਨੂੰ ਲੁੱਟਣਾ ਆਦਿ। ਇਨ੍ਹਾਂ ਸਾਰੇ ਅਪਰਾਧਾਂ ਲਈ ਮਨੀਪੁਰ ਪੁਲਿਸ ਕਮਾਂਡੋ ਦੇ ਖਿਲਾਫ਼ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ, ਤੇ 23 ਜੁਲਾਈ ਦੀ ਹੱਤਿਆ ਦੇ ਬਾਅਦ 6 ਕਰਮਚਾਰੀਆਂ ਦੀ ਬਰਖਾਸਤਗੀ ਪਹਿਲੀ ਇਸ ਤਰ੍ਹਾਂ ਦੀ ਕਾਰਵਾਈ ਹੈ।

‘ਲੋਕ ਆਵਾਜ਼’ 23 ਜੁਲਾਈ ਦੀਆਂ ਹੱਤਿਆਵਾਂ ਤੇ ਮਨੀਪੁਰ ’ਚ ਸਰਕਾਰੀ ਅੱਤਵਾਦ ਦੀ ਸਖ਼ਤ ਨਿੰਦਿਆ ਕਰਦਾ ਹੈ। ਅਸੀਂ ਦੇਸ਼ ਭਰ ਦੀ ਜਨਤਾ ਨੂੰ ਇਹ ਅਪੀਲ ਕਰਦੇ ਹਾਂ ਕਿ ਇਕਜੁੱਟ ਹੋ ਕੇ ਇਹ ਮੰਗ ਕਰੋ ਕਿ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਨੂੰ ਤੁਰੰਤ ਤੇ ਬਿਨਾ ਕਿਸੇ ਸ਼ਰਤ ’ਤੇ ਰੱਦ ਕੀਤਾ ਜਾਵੇ, ਸੈਨਾ ਤੇ ਸੁਰੱਖਿਆ ਬਲਾਂ ਨੂੰ ਹਟਾਇਆ ਜਾਵੇ ਤੇ ਮਨੀਪੁਰ ਦੇ ਲੋਕਾਂ ’ਤੇ ਚੱਲ ਰਹੇ ਸਰਕਾਰੀ ਅੱਤਵਾਦ ਨੂੰ ਫੌਰਨ ਰੋਕਿਆ ਜਾਵੇ। ■




ਸਰਕਾਰੀ ਅੱਤਵਾਦ ਖਿਲਾਫ਼ ਮਨੀਪੁਰ ਲੋਕਾਂ ਦਾ ਸੰਘਰਸ਼ ਇੱਕ ਪੂਰੀ ਤਰ੍ਹਾਂ ਜਾਇਜ਼ ਸੰਘਰਸ਼ ਹੈ, ਜਿਸ ਨੂੰ ਪੂਰੇ ਹਿੰਦੁਸਤਾਨ ਤੇ ਸਾਰੀ ਦੁਨੀਆ ਦੇ ਅਗਾਂਹਵਧੂ ਲੋਕਾਂ ਦਾ ਹਮਾਇਤ ਹਾਸਲ ਹੈ। ਨਾਲ ਵਾਲੀ ਫੋਟੋ 'ਚ, 17ਅਗਸਤ ਨੂੰ ਦਿੱਲੀ ਵਿੱਚ ਇੱਕ ਸਾਂਝੀ ਰੈਲੀ ਨੂੰ ਸੰਬੋਧਨ ਕਰਦੇ ਹੋਏ, ਲੋਕ ਰਾਜ ਸੰਗਠਨ ਦੀ ਦਿੱਲੀ ਸ਼ਾਖਾ ਦੇ ਸਕੱਤਰ

# ਮਨੀਪੁਰ 'ਚ ਕੇਂਦਰ ਦੀ...

**ਸਫਾ 1 ਦੀ ਬਾਕੀ**

ਮੁੱਖ ਮੰਤਰੀ ਇਬੋਬੀ ਸਿੰਘ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

24 ਅਗਸਤ ਨੂੰ ਰਾਜਧਾਨੀ ਇੰਫਾਲ ਦੇ ਸਕੂਲੀ ਵਿਦਿਆਰਥੀਆਂ ਨੇ ਆਪਣੇ-ਆਪਣੇ ਸਕੂਲ ਦੇ ਫਾਟਕਾਂ ਦੇ ਸਾਹਮਣੇ ਧਰਨੇ ਦਿੱਤੇ। ਉਨ੍ਹਾਂ ਨੇ "ਕਾਤਲ ਮੁੱਖ ਮੰਤਰੀ ਅਸਤੀਫ਼ਾ ਦਿਓ!", "ਗੁਨਾਹਗਾਰ ਕਮਾਂਡੋ ਸਿਪਾਹੀਆਂ ਨੂੰ ਸਜ਼ਾ ਦੇਵੋ!", "ਹਥਿਆਰਬੰਦ ਬਲ ਵਿਸ਼ੇਸ਼ਾਧਿਕਾਰ ਅਧੀਨਿਯਮ ਨੂੰ ਰੱਦ ਕਰੋ!", ਵਰਗੇ ਨਾਅਰਿਆਂ ਨੂੰ ਬੋਰਡਾਂ 'ਤੇ ਲਿਖ ਕੇ ਬੁਲੰਦ ਕੀਤਾ। ਔਰਤਾਂ ਨੇ ਰਾਤ 'ਚ ਕਰਫਿਊ ਤੋੜ ਕੇ ਮਸ਼ਾਲ ਰੈਲੀਆਂ ਕੱਢੀਆਂ।

23 ਜੁਲਾਈ ਨੂੰ ਪੁਲਿਸ ਕਮਾਂਡੋ ਵੱਲੋਂ ਸੰਜੀਤ ਦੀ ਬੇਰਹਿਮ ਹੱਤਿਆ, ਜਿਸ ਨੂੰ ਕੈਮਰੇ 'ਤੇ ਪੂਰਾ-ਪੂਰਾ ਰਿਕਾਰਡ ਕੀਤਾ ਗਿਆ ਹੈ, ਉਸ ਨਾਲ ਮਨੀਪੁਰ ਦੇ ਲੋਕਾਂ ਖਿਲਾਫ਼ ਕੇਂਦਰੀ ਰਾਜ ਵੱਲੋਂ ਛੇੜੇ ਗਏ ਸਰਕਾਰੀ ਅੱਤਵਾਦ ਦਾ ਘਿਨਾਉਣਾ ਚਿਹਰਾ ਸਾਹਮਣੇ ਆਉਂਦਾ ਹੈ। ਇਸ ਸਰਕਾਰੀ ਅੱਤਵਾਦ ਨੂੰ 2007 ਦੀ ਸ਼ੁਰੂਆਤ ਤੋਂ ਬਹੁਤ ਵਧਾ ਦਿੱਤਾ ਗਿਆ ਹੈ। ਮਨੀਪੁਰ ਦੀ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਇਸ ਸਮੇਂ ਦੌਰਾਨ 751 "ਬਾਗੀਆਂ" ਦੀ ਹੱਤਿਆ ਕੀਤੀ ਗਈ ਹੈ। ਇਸ 'ਚ 225 ਲੋਕਾਂ ਦੀ ਹੱਤਿਆ 2009 ਦੇ ਪਹਿਲੇ 7 ਮਹੀਨਿਆਂ ਦੇ ਅੰਦਰ ਹੋਈ ਹੈ। ਇਸ ਦੇ ਇਲਾਵਾ, ਇਹ ਦੱਸਿਆ ਜਾ ਰਿਹਾ ਹੈ ਕਿ ਅਲੱਗ-ਅਲੱਗ ਗਰੋਹਾਂ ਦੇ ਬਾਗੀਆਂ ਵੱਲੋਂ, ਅਗਵਾ ਤੇ ਲੁੱਟ ਦੀ ਮੁਹਿੰਮ ਦੌਰਾਨ, 65 ਹੋਰ ਲੋਕਾਂ ਦੀ ਹੱਤਿਆ ਹੋਈ ਹੈ।

ਮਨੀਪੁਰ ਦੇ ਲੋਕ ਸਰਕਾਰੀ ਅੱਤਵਾਦ ਨੂੰ ਖਤਮ ਕਰਨਾ ਚਾਹੁੰਦੇ ਹਨ। ਉਹ, ਰਾਜ ਦੇ ਸਮਰਥਨ ਦੇ ਨਾਲ ਕਥਿਤ ਤੌਰ 'ਤੇ ਭੂਮੀਗਤ ਗਰੋਹਾਂ ਵੱਲੋਂ ਲੁੱਟ ਤੇ ਹੱਤਿਆਵਾਂ ਨੂੰ ਖਤਮ ਕਰਨਾ ਚਾਹੁੰਦੇ ਹਨ। 2008 ਦੀ ਸ਼ੁਰੂਆਤ ਤੋਂ ਅੱਜ ਤੱਕ ਉਥੇ ਦੇ ਲੋਕਾਂ ਨੇ ਕਈ ਵਾਰ ਵਿਰੋਧ ਕਰਦੇ ਹੋਏ ਪ੍ਰਦਰਸ਼ਨ ਕੀਤੇ ਹਨ: ਨਿੱਜੀ ਗਰੋਹਾਂ ਵੱਲੋਂ ਲੁੱਟ ਤੇ ਅਗਵਾ ਦੇ ਖਿਲਾਫ਼ ਤੇ ਖੁੱਲ੍ਹੇ ਤੌਰ 'ਤੇ ਰਾਜ ਵੱਲੋਂ ਕਰਵਾਈਆਂ ਜਾ ਰਹੀਆਂ ਹੱਤਿਆਵਾਂ ਦੇ ਖਿਲਾਫ਼।

ਇਸੇ ਹਫ਼ਤੇ 'ਚ ਲੋਕਾਂ ਨੇ ਇਕ ਆਦਮੀ ਨੂੰ ਫੜਿਆ ਜਿਸ ਨੇ ਇੰਫਾਲ ਦੇ ਹਸਪਤਾਲ 'ਤੇ ਬੰਬ ਸੁੱਟਿਆ ਸੀ, ਜਿਸ ਦੀ ਵਜ੍ਹਾ ਨਾਲ ਕਈ ਮਰੀਜ਼ ਤੇ ਉਨ੍ਹਾਂ ਦੇ ਰਿਸ਼ਤੇਦਾਰ ਜ਼ਖ਼ਮੀ ਹੋਏ ਸਨ। ਮਨੀਪੁਰ ਪੁਲਿਸ ਨੂੰ ਇਹ ਮੰਨਣਾ ਪਿਆ ਕਿ ਇਹ ਆਦਮੀ ਇੰਡੀਅਨ ਰਿਜ਼ਰਵ ਬਟਾਲੀਅਨ ਦਾ ਸਿਪਾਹੀ ਸੀ ਜੋ ਕਿਸੇ ਭੂਮੀਗਤ ਗਿਰੋਹ ਦੇ ਨਾਲ ਮਿਲ ਕੇ ਕੰਮ ਕਰ ਰਿਹਾ ਸੀ। ਇਸ ਆਦਮੀ ਨੇ ਕਬੂਲ ਕੀਤਾ ਹੈ ਕਿ ਉਸ ਨੇ ਇਸ ਤੋਂ ਪਹਿਲਾਂ ਵੀ ਕਈ ਹੋਰ ਹਸਪਤਾਲਾਂ ਤੇ ਡਿਸਪੈਂਸਰੀਆਂ 'ਤੇ ਬੰਬ ਸੁੱਟੇ ਹਨ।

ਸੰਜੀਤ ਦੀ ਹੱਤਿਆ ਤੋਂ ਪਹਿਲਾਂ ਵੀ ਕਈ 'ਮੁਕਾਬਲੇ' ਹੋਏ ਹਨ, ਜਿਨ੍ਹਾਂ ਨੂੰ ਉਥੋਂ ਦੇ ਲੋਕਾਂ ਨੇ ਝੂਠੇ ਮੁਕਾਬਲੇ ਦੱਸ ਕੇ ਕਈ ਸਵਾਲ ਕੀਤੇ ਹਨ। ਲੁੱਟ ਤੇ ਝੂਠੇ ਮੁਕਾਬਲੇ ਕਰਵਾਉਣਾ ਰਾਜ ਦੀ ਪਸੰਦੀਦਾ ਨੀਤੀ ਬਣ ਗਈ ਹੈ। ਇੰਡੀਅਨ ਐਕਸਪ੍ਰੈੱਸ ਦੇ ਅਨੁਸਾਰ, ਇਸ ਵਾਰ 15 ਅਗਸਤ ਨੂੰ ਦਿੱਤੇ ਗਏ "ਵੀਰਤਾ ਪੁਰਸਕਾਰਾਂ" 'ਚੋਂ 74 ਪੁਰਸਕਾਰ ਮਨੀਪੁਰ ਪੁਲਿਸ ਨੂੰ ਮਿਲੇ, ਜਦਕਿ ਹਿੰਦੁਸਤਾਨ ਦੇ ਦੂਸਰੇ ਸਾਰੇ ਇਲਾਕਿਆਂ ਦੇ ਪੁਲਿਸ ਕਰਮਚਾਰੀਆਂ ਨੂੰ ਕੁੱਲ ਮਿਲਾ ਕੇ ਸਿਰਫ਼ 138 ਪੁਰਸਕਾਰ ਮਿਲੇ! ਮਨੀਪੁਰ ਪੁਲਿਸ ਦੇ ਕਰਮਚਾਰੀਆਂ ਨੂੰ ਦਿੱਤੇ ਗਏ ਲਗਭਗ ਸਾਰੇ ਪੁਰਸਕਾਰ "ਮੁਕਾਬਲਿਆਂ" ਲਈ ਦਿੱਤੇ ਗਏ ਸਨ। ਇਨ੍ਹਾਂ ਵੀਰਤਾ ਪੁਰਸਕਾਰਾਂ ਨਾਲ ਪੁਲਿਸ ਕਰਮਚਾਰੀਆਂ ਨੂੰ ਜਲਦੀ-ਜਲਦੀ ਤਰੱਕੀ ਤੇ ਹੋਰ ਲਾਭ ਮਿਲਦੇ ਹਨ। ਮਨੀਪੁਰ ਕਮਾਂਡੋ ਦਲ ਪਿਛਲੇ 4 ਵਰ੍ਹਿਆਂ 'ਚ ਚਾਰ ਗੁਣਾ ਵਧਾ ਦਿੱਤਾ ਗਿਆ ਹੈ, 400 ਕਰਮਚਾਰੀਆਂ ਤੋਂ 1600 ਕਰਮਚਾਰੀਆਂ ਤੱਕ।

ਅਸਮ ਰਾਈਫਲਜ਼ ਤੇ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਦੇ ਖਿਲਾਫ਼ ਜਦ ਮਨੀਪੁਰ ਦੇ ਲੋਕਾਂ ਨੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤੇ ਤਾਂ ਹਿੰਦੁਸਤਾਨੀ ਰਾਜ ਨੇ ਇਕ ਇਸ ਤਰ੍ਹਾਂ ਦਾ ਫਾਸ਼ੀਵਾਦੀ ਕਮਾਂਡੋ ਦਲ ਬਣਾਇਆ, ਜਿਸ ਦੇ ਸਿਪਾਹੀ ਮਨੀਪੁਰ ਲੋਕ ਹੀ ਹੋਣਗੇ ਤੇ ਜੋ ਲੁੱਟ, ਬਲਾਤਕਾਰ ਤੇ ਹੱਤਿਆਵਾਂ ਕਰਨਗੇ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਪੰਜਾਬ ਦੇ ਬਦਨਾਮ ਪੁਲਿਸ ਅਧਿਕਾਰੀ ਕੇ.ਪੀ.ਐਸ. ਗਿੱਲ ਨੇ ਉਥੇ ਕੀਤਾ ਸੀ।

ਸੰਪ੍ਰਗ ਸਰਕਾਰ ਨੇ ਇਕ ਉੱਚ ਪੱਧਰੀ ਕੇਂਦਰੀ ਦਲ ਨੂੰ ਮਨੀਪੁਰ ਭੇਜਿਆ ਤੇ ਮੁੱਖ ਮੰਤਰੀ ਇਬੋਬੀ ਸਿੰਘ ਨੂੰ ਇਹ ਹੁਕਮ ਦਿੱਤਾ ਕਿ "ਵਿਕਾਸ ਕਾਰਵਾਈਆਂ" ਦਾ ਵਿਰੋਧ ਕਰਨ ਵਾਲਿਆਂ ਨੂੰ ਦਬਾ ਦਿੱਤਾ ਜਾਵੇ। ਉਸ ਦੇ ਬਾਅਦ ਤੋਂ ਮਨੀਪੁਰ 'ਚ ਸਰਕਾਰੀ ਅੱਤਵਾਦ ਨੂੰ ਬਹੁਤ ਵਧਾ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਚਿੰਦਬਰਮ "ਬਗਾਵਤ ਦੇ ਖਿਲਾਫ਼ ਜੰਗ" 'ਚ ਬਹੁਤ ਸਰਗਰਮ ਹੋ ਗਏ ਹਨ, ਜਿਸ ਦੇ ਪਰਦੇ 'ਚ ਰਾਜ ਉਥੇ ਦੀ ਜ਼ਮੀਨ ਤੇ ਕੁਦਰਤੀ ਸਾਧਨਾਂ ਦੀ ਸ਼ਰ੍ਹੇਆਮ ਲੁੱਟ ਦੇ ਖਿਲਾਫ਼ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣਾ ਚਾਹੁੰਦਾ ਹੈ।

ਮਨੀਪੁਰ, ਬੰਗਲਾਦੇਸ਼ ਅਤੇ ਸੀਮਾਵਰਤੀ ਮੀਆਂਮਾਰ 'ਚ ਕੁਦਰਤੀ ਗੈਸ ਦੇ ਭਰਪੂਰ ਭੰਡਾਰ ਹਨ। ਹਿੰਦੁਸਤਾਨ ਦੇ ਪੂੰਜੀਪਤੀ ਇਨ੍ਹਾਂ ਭੰਡਾਰਾਂ ਦਾ ਸ਼ੋਸ਼ਣ ਕਰਨਾ ਚਾਹੁੰਦੇ ਹਨ। ਇਸ ਦੇ ਇਲਾਵਾ ਸਾਡੇ ਪੂੰਜੀਪਤੀ ਚੀਨ ਦੇ ਨਾਲ ਮੁਕਾਬਲੇਬਾਜ਼ੀ ਕਰਦੇ ਹੋਏ, ਏ. ਐਸ. ਈ. ਏ. ਐਨ. ਦੇ ਦੇਸ਼ਾਂ ਪ੍ਰਤੀ, ਆਪਣੀ "ਪੂਰਬ ਦੇਖੋ" ਨੀਤੀ ਨੂੰ ਚਲਾ ਰਹੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਇਲਾਕੇ ਦੇ ਲੋਕਾਂ ਦੇ ਵਿਰੋਧ ਸੰਘਰਸ਼ਾਂ ਨੂੰ ਦਬਾ ਦਿੱਤਾ ਜਾਵੇ। ਸਾਡੇ ਪੂੰਜੀਪਤੀ ਦੁਨੀਆਂ ਦੇ ਏਸ ਖੇਤਰ 'ਚ ਆਪਣੇ ਸਾਮਰਾਜਵਾਦੀ ਇਰਾਦਿਆਂ ਦੇ ਰਸਤੇ 'ਚ ਮਨੀਪੁਰੀ ਲੋਕਾਂ ਦੇ ਸੰਘਰਸ਼ ਨੂੰ ਇਕ ਮੁੱਖ ਰੁਕਾਵਟ ਮੰਨਦੇ ਹਨ। ਇਸ ਲਈ ਉਥੇ ਸਰਕਾਰੀ ਅੱਤਵਾਦ ਨੂੰ ਇੰਨਾ ਵਧਾਇਆ ਜਾ ਰਿਹਾ ਹੈ।

ਸਰਕਾਰੀ ਅੱਤਵਾਦ ਖਿਲਾਫ਼ ਮਨੀਪੁਰ ਲੋਕਾਂ ਦਾ ਸੰਘਰਸ਼ ਇੱਕ ਪੂਰੀ ਤਰ੍ਹਾਂ ਜਾਇਜ਼ ਸੰਘਰਸ਼ ਹੈ, ਜਿਸ ਨੂੰ ਪੂਰੇ ਹਿੰਦੁਸਤਾਨ ਤੇ ਸਾਰੀ ਦੁਨੀਆ ਦੇ ਅਗਾਂਹਵਧੂ ਲੋਕਾਂ ਦਾ ਹਮਾਇਤ ਹਾਸਲ ਹੈ। ■


**People's Voice**

**(Fortnightly)**

Annual Contribution: Rs. 200 (within India), US $ 25 (abroad) Send Cheque/Demand Draft in the name of:

**Lok Awaz Publishers and Distributors,**

E-392, Sanjay Colony, Okhla Phase - II, New Delhi - 110 020

# ਮਨੀਪੁਰ ’ਚ ਸਰਕਾਰੀ ਅੱਤਵਾਦ ਖਿਲਾਫ਼ ਜਨਤਕ ਵਿਰੋਧ




ਇੰਫਾਲ ’ਚ 23 ਜੁਲਾਈ ਨੂੰ ਮਨੀਪੁਰ ਪੁਲਿਸ ਕਮਾਂਡੋ ਵੱਲੋਂ ਇਕ ਨੌਜਵਾਨ ਦੀ ਝੂਠੇ "ਮੁਕਾਬਲੇ" ’ਚ ਹੱਤਿਆ ਤੇ ਇੱਕ ਔਰਤ ਦੀ ਹੱਤਿਆ ਦਾ ਪਰਦਾਫਾਸ਼ ਹੁੰਦੇ ਹੀ ਪੂਰੇ ਰਾਜ ’ਚ ਲੋਕ ਭਾਰੀ ਗਿਣਤੀ ’ਚ ਨਿਕਲ ਕੇ ਇਨ੍ਹਾਂ ਹੱਤਿਆਵਾਂ ਦਾ ਅਤੇ ਵਹਿਸ਼ੀ ਸਰਕਾਰੀ ਅੱਤਵਾਦ ਦਾ ਵਿਰੋਧ ਕਰ ਰਹੇ ਹਨ।

2ਅਗਸਤ ਨੂੰ ਸੈਂਕੜੇ ਲੋਕ ਇੰਫਾਲ ਦੀਆਂ ਸੜਕਾਂ ’ਤੇ ਉੱਤਰੇ ਤੇ ਸਰਕਾਰ ਤੇ ਸੁਰੱਖਿਆ ਬਲਾਂ ਦੇ ਖਿਲਾਫ਼ ਨਾਅਰੇ ਲਗਾਏ।

ਅਪੁਨਬਾ ਲੁਪ, ਜੋ ਲਗਭਗ 30 ਜਨਤਕ ਜਥੇਬੰਦੀਆਂ ਦੀ ਸਾਂਝੀ ਜਥੇਬੰਦੀ ਹੈ, ਨੇ 3 ਤੇ 4 ਅਗਸਤ ਨੂੰ 48 ਘੰਟੇ ਰਾਜ ਵਿਆਪੀ ਆਮ ਹੜਤਾਲ ਦਾ ਸੱਦਾ ਦਿੱਤਾ। ਉਨ੍ਹਾਂ ਨੇ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਤੇ 23 ਜੁਲਾਈ ਦੀਆਂ ਹੱਤਿਆਵਾਂ ਦੇ ਲਈ ਦੋਸ਼ੀ ਪੁਲਿਸ ਕਮਾਂਡੋਜ਼ ਨੂੰ ਸਖ਼ਤ ਸਜ਼ਾ ਦਿਵਾਉਣ ਦੀ ਮੰਗ ਕੀਤੀ। ਬਹੁਤ ਸਾਰੀਆਂ ਹੋਰ ਜਨਤਕ ਜਥੇਬੰਦੀਆਂ ਵੀ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ। 48 ਘੰਟੇ ਦੇ ਬੰਦ ਦੌਰਾਨ ਸਾਰੇ ਬਾਜ਼ਾਰ ਤੇ ਵਪਾਰਕ ਕਾਰੋਬਾਰ ਬੰਦ ਰਹੇ ਤੇ ਅੰਤਰ ਰਾਜੀ ਤੇ ਅੰਤਰ ਜ਼ਿਲ੍ਹਾ ਆਵਾਜਾਈ ਸੇਵਾਵਾਂ ਬੰਦ ਰਹੀਆਂ।

ਮੇਇਰਾ ਪਾਇਬੀ ਦੇ ਨਾਂਅ ਨਾਲ ਪ੍ਰਸਿੱਧ, ਮਹਿਲਾ ਪ੍ਰਦਰਸ਼ਨਕਾਰੀਆਂ ਨੇ 5 ਅਗਸਤ ਦੀ ਰਾਤ ਨੂੰ ਕਈ ਥਾਵਾਂ ’ਤੇ ਮਸ਼ਾਲ ਰੈਲੀਆਂ ਕੀਤੀਆਂ ਤੇ ਸੁਰੱਖਿਆ ਬਲਾਂ ਨਾਲ ਘਮਾਸਾਨ ਲੜਾਈ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਦੇ ਪੁਤਲੇ ਸਾੜੇ। 4 ਅਗਸਤ ਤੋਂ ਇੰਫਾਲ ਸ਼ਹਿਰ ’ਚ ਕਰਫਿਊ ਲੱਗਿਆ ਹੋਇਆ ਹੈ ਪਰ ਅਜੇ ਵੀ ਲੋਕ ਕਰਫਿਊ ਤੋੜ ਕੇ ਪ੍ਰਦਰਸ਼ਨ ਕਰ ਰਹੇ ਹਨ।

10 ਅਗਸਤ ਨੂੰ ਕਰਫਿਊ ਨੂੰ ਨਕਾਰਦੇ ਹੋਏ, ਅਨੇਕਾਂ ਜਨਤਕ ਜਥੇਬੰਦੀਆਂ ਨੇ ਮਿਲ ਕੇ ਇੰਫਾਲ ’ਚ ਇਕ ਵੱਡੀ ਵਿਰੋਧ ਰੈਲੀ ਦੀ ਯੋਜਨਾ ਬਣਾਈ। ਸ਼ਹਿਰ ਦੇ ਅਲੱਗ-ਅਲੱਗ ਇਲਾਕਿਆਂ ਤੋਂ ਦਰਜਨਾਂ ਵਿਰੋਧ ਰੈਲੀਆਂ ਕੱਢੀਆਂ ਗਈਆਂ। ਰਾਜ ਸਰਕਾਰ ਵੱਲੋਂ ਭਾਰੀ ਦਬਾਅ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ, ਉਨ੍ਹਾਂ ’ਤੇ ਹੰਝੂ ਗੈਸ ਛੱਡੇ, ਰਬੜ ਦੀਆਂ ਗੋਲੀਆਂ ਤੇ ਨਕਲੀ ਬੰਬਾਂ ਨਾਲ ਉਨ੍ਹਾਂ ’ਤੇ ਹਮਲੇ ਕੀਤੇ। ਪ੍ਰਦਰਸ਼ਨਕਾਰੀ ਨੌਜਵਾਨਾਂ ਤੇ ਔਰਤਾਂ ਨੇ ਗੁਲੇਲਾਂ ਤੇ ਤੀਰ ਕਮਾਨਾਂ ਨਾਲ ਪੁਲਿਸ ਦਾ ਮੁਕਾਬਲਾ ਕੀਤਾ। ਬਹੁਤ ਸਾਰੇ ਲੋਕ ਗ੍ਰਿਫ਼ਤਾਰ ਹੋਏ। ਲਾਮਲਾਈ, ਪ੍ਰੰਗਡੋਂਗਬਾਮ, ਸਾਵੋਂਬੁੰਗ, ਚਿੰਗਰੈਲ, ਤੇਜ਼ਪੁਰ, ਫਾਕਨੁੰਗ, ਕਾਬੁਈ ਸਾਇਰਮ, ਕੋਂਜੇਂਗ ਲੇਈਕਾਈ ਆਦਿ ਜਗ੍ਹਾਵਾਂ ’ਚ ਰੈਲੀਆਂ ਹੋਈਆਂ। ਮੁੱਖ ਮੰਤਰੀ ਤੇ ਰਾਜ ਪੁਲਿਸ ਦੇ ਮੁਖੀ ਦੇ ਪੁਤਲੇ ਸਾੜੇ ਗਏ।

ਅਪੁਨਬਾ ਲੁਪ ਦੀ ਕਾਰਜਕਾਰੀ ਸੰਮਿਤੀ ਨੇ ਇਹ ਐਲਾਨ ਕੀਤਾ ਕਿ ਰੈਲੀ ਦੌਰਾਨ ਮਨੀਪੁਰ ਦੇ ਰਾਜਪਾਲ ਨੂੰ ਇਕ ਮੰਗ ਪੱਤਰ ਦਿੱਤਾ ਜਾਵੇਗਾ ਜਿਸ ’ਚ ਜਨਤਾ ਵੱਲੋਂ ਕਈ ਮੰਗਾਂ ਰੱਖੀਆਂ ਜਾਣਗੀਆਂ। ਇਹ ਮੰਗ ਕੀਤੀ ਜਾਵੇਗੀ ਕਿ 23 ਜੁਲਾਈ ਨੂੰ ਹੋਈ ਹੱਤਿਆ ਨੂੰ ਅੰਜ਼ਾਮ ਦੇਣ ਵਾਲੇ ਅਪਰਾਧੀ ਪੁਲਿਸ ਕਮਾਂਡੋਜ਼ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ, ਅਸਲੀ ਅਪਰਾਧੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰਨ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇ, ਮਨੀਪੁਰ ਵਿਧਾਨਸਭਾ ’ਚ ਲੋਕਾਂ ਤੇ ਮੀਡੀਆ ਦੇ ਸਾਹਮਣੇ ਗੈਰ ਜ਼ਿੰਮੇਵਾਰਾਨਾ ਤੇ ਝੂਠਾ ਬਿਆਨ ਦੇਣ ਲਈ ਮੁੱਖ ਮੰਤਰੀ ਅਸਤੀਫਾ ਦੇਣ ਤੇ ਇਸ ਅੰਦੋਲਨ ਦੌਰਾਨ ਪੁਲਿਸ ਹਿਰਾਸਤ ’ਚ ਲਏ ਗਏ ਲੋਕਾਂ ਨੂੰ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ।

ਅਪੁਨਬਾ ਲੁਪ ਦੀ ਕਾਰਜਕਾਰੀ ਸੰਮਿਤੀ ਦੇ 4 ਗ੍ਰਿਫ਼ਤਾਰ ਹੋਏ ਕਾਰਕੁੰਨਾਂ ਨੂੰ 11 ਅਗਸਤ, 2009 ਨੂੰ ਰਾਸ਼ਟਰੀ ਸੁਰੱਖਿਆ ਕਨੂੰਨ ਦੇ ਤਹਿਤ ਬੰਦ ਕੀਤਾ ਗਿਆ। ਅਦਾਲਤ ਤੋਂ ਬਾਹਰ ਆਉਂਦੇ ਹੋਏ ਇਨ੍ਹਾਂ ਕਾਰਕੁੰਨਾਂ ਨੇ "ਮਨੀਪੁਰ ਜ਼ਿੰਦਾਬਾਦ" ਤੇ "23 ਜੁਲਾਈ ਦੀ ਹੱਤਿਆ ਦੀ ਨਿੰਦਿਆ ਕਰੋ" ਵਰਗੇ ਨਾਅਰੇ ਲਗਾਏ।

## ਮਨੀਪੁਰ ਦੇ ਪਰਬਤੀ ਖੇਤਰਾਂ ’ਚ ਸਰਕਾਰੀ ਅੱਤਵਾਦ ਦਾ ਵਿਰੋਧ

ਮਨੀਪੁਰ ਰਾਜ ਦੇ ਸਾਰੇ ਪਰਬਤੀ ਖੇਤਰਾਂ ’ਚ ਬਦਨਾਮ ਪੁਲਿਸ ਕਮਾਂਡੋ ਤੇ ਇੰਡੀਆ ਰਿਜ਼ਰਵ ਬਟਾਲੀਅਨ (ਆਈ. ਆਰ. ਬੀ.) ਨੂੰ ਤਾਇਨਾਤ ਕਰਨ ਦੇ ਰਾਜ ਸਰਕਾਰ ਦੇ ਕਦਮ ਦਾ ਸਥਾਨਕ ਲੋਕ ਸਖ਼ਤ ਵਿਰੋਧ ਕਰ ਰਹੇ ਹਨ।

11 ਅਗਸਤ ਨੂੰ ਪਰਬਤੀ ਜ਼ਿਲ੍ਹਿਆਂ ਦੀਆਂ 8 ਅਲੱਗ-ਅਲੱਗ ਵਿਦਿਆਰਥੀ ਜਥੇਬੰਦੀਆਂ ਨੇ ਜਨਤਕ ਪ੍ਰਦਰਸ਼ਨ ਦਾ ਸੱਦਾ ਦਿੱਤਾ। ਇਹ ਪ੍ਰਦਰਸ਼ਨ ਰਾਜ ਦੇ ਸਾਰੇ ਪਰਬਤੀ ਜ਼ਿਲ੍ਹਿਆਂ ’ਚ ਪੁਲਿਸ ਕਮਾਂਡੋ ਤੇ ਆਈ. ਆਰ. ਬੀ. ਨੂੰ ਤਾਇਨਾਤ ਕਰਨ ਦੇ ਮੰਤਰੀਮੰਡਲ ਦੇ ਹਾਲ ਦੇ ਫ਼ੈਸਲੇ ਦਾ ਵਿਰੋਧ ਕਰਨ ਲਈ ਕੀਤਾ ਗਿਆ ਤੇ ਪਰਬਤੀ ਜ਼ਿਲ੍ਹਿਆਂ ਦੇ ਸਰਕਾਰੀ ਦਫ਼ਤਰਾਂ ਸਾਹਮਣੇ ਲੋਕਾਂ ਨੇ ਪ੍ਰਦਰਸ਼ਨ ਕੀਤਾ।

## ਟਰੱਕ ਚਾਲਕਾਂ ਨੇ ਆਵਾਜਾਈ ਰੋਕੀ

ਅਗਸਤ ਮਹੀਨੇ ਦੇ ਸ਼ੁਰੂ ਤੋਂ ਮਨੀਪੁਰ ਰਾਜ 'ਚ ਟਰੱਕ ਚਾਲਕ ਹੜਤਾਲ 'ਤੇ ਹਨ, ਜਿਸ ਦੀ ਵਜ੍ਹਾ ਨਾਲ ਰਾਸ਼ਟਰੀ ਮਹਾਮਾਰਗ 'ਤੇ ਸਾਰੀ ਆਵਾਜਾਈ ਠੱਪ ਪਈ ਹੈ। ਟਰੱਕ ਚਾਲਕ ਇਕ ਪਾਸੇ ਸੁਰੱਖਿਆ ਬਲਾਂ ਤੇ ਦੂਜੇ ਪਾਸੇ ਕਥਿਤ ਤੌਰ 'ਤੇ ਹੋਰ ਦਲਾਂ ਦੇ ਹੱਥੋਂ ਸਰਕਾਰੀ ਅੱਤਵਾਦ ਤੇ "ਹਫ਼ਤਾ ਵਸੂਲੀ" ਦੇ ਵਿਰੋਧ 'ਚ ਹੜਤਾਲ ਕਰ ਰਹੇ ਹਨ ਕਿਉਂਕਿ ਇਨ੍ਹਾਂ ਹਾਲਾਤਾਂ 'ਚ ਉਨ੍ਹਾਂ ਲਈ ਜਿਊਣਾ ਬਹੁਤ ਮੁਸ਼ਕਿਲ ਹੋ ਗਿਆ ਹੈ।



## ਲੋਕ ਸਰਕਾਰੀ ਅੱਤਵਾਦ ਦਾ ਅੰਤ ਚਾਹੁੰਦੇ ਹਨ

5ਵਰ੍ਹੇ ਪਹਿਲਾਂ ਜਦ ਅਸਮ ਰਾਈਫਲਜ਼ ਦੇ ਕਰਮਚਾਰੀਆਂ ਨੇ ਮਨੋਰਮਾ ਦੇਵੀ ਦਾ ਬੇਰਹਿਮੀ ਨਾਲ ਬਲਾਤਕਾਰ ਤੇ ਕਤਲ ਕੀਤਾ ਸੀ, ਤਦ ਪੂਰੇ ਮਨੀਪੁਰ ਰਾਜ ਦੇ ਲੋਕ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਤੇ ਬਦਨਾਮ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਉੱਠ ਖੜੇ ਹੋਏ ਸਨ।

ਉਨ੍ਹਾਂ ਦੀ ਆਵਾਜ਼ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਕਈ ਰਾਜਾਂ 'ਚ ਗੂੰਜ ਉੱਠੀ। ਮਨਮੋਹਨ ਸਿੰਘ ਸਰਕਾਰ ਨੂੰ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਤੇ ਲੋਕਾਂ ਦੀਆਂ ਮੰਗਾਂ ਦੀ ਜਾਂਚ ਕਰਨ ਲਈ ਇਕ ਅਯੋਗ ਬਿਠਾਉਣਾ ਪਿਆ ਤੇ ਇੰਫਾਲ ਦੇ ਕੁਝ ਇਲਾਕਿਆਂ, ਖਾਸ ਕਰ ਸੰਵੇਦਨਸ਼ੀਲ ਕਾਂਗਲਾਈਪਾਕ ਇਲਾਕੇ ਚੋਂ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਨੂੰ ਹਟਾਉਣ ਦਾ ਦਿਖਾਵਾ ਕਰਨਾ ਪਿਆ।

5ਵਰ੍ਹੇ ਬਾਅਦ, ਇਸ ਆਯੋਗ ਦੀ ਰਿਪੋਰਟ 'ਤੇ ਧੂੜ ਇਕੱਠੀ ਹੋ ਰਹੀ ਹੈ ਤੇ ਇਸ ਨੂੰ ਅੱਜ ਤੱਕ ਸੰਸਦ 'ਚ ਪੇਸ਼ ਤੱਕ ਨਹੀਂ ਕੀਤਾ ਗਿਆ! ਸਰਕਾਰੀ ਅੱਤਵਾਦ ਬਿਨਾਂ-ਰੋਕ ਚੱਲ ਰਿਹਾ ਹੈ ਤੇ ਕੇਂਦਰੀ ਤੇ ਰਾਜ ਸਰਕਾਰਾਂ ਨੇ ਵਿਸ਼ੇਸ਼ ਕਮਾਂਡੋ, ਆਈ. ਆਰ. ਬੀ ਆਦਿ ਵਰਗੇ ਸਰਕਾਰੀ ਅੱਤਵਾਦ ਦੇ ਨਵੇਂ ਹਥਕੰਡਿਆਂ ਨੂੰ ਵਿਕਸਿਤ ਕੀਤਾ ਹੈ, ਜਿਨ੍ਹਾਂ ਦੇ ਜ਼ਰੀਏ ਮਨੀਪੁਰੀ ਲੋਕਾਂ ਨੂੰ ਆਪਸ 'ਚ ਲੜਾਇਆ ਜਾ ਰਿਹਾ ਹੈ। ਮਨੀਪੁਰ ਦੇ ਲੋਕਾਂ ਨੇ ਸਰਕਾਰ ਦੇ ਇਨ੍ਹਾਂ ਕਦਮਾਂ ਦਾ ਵਾਰ-ਵਾਰ ਵਿਰੋਧ ਕੀਤਾ ਹੈ। ਹੁਣ 23 ਜੁਲਾਈ ਨੂੰ ਹੋਏ ਝੂਠੇ ਮੁਕਾਬਲੇ 'ਚ ਹੱਤਿਆ ਦੇ ਬਾਅਦ ਫਿਰ ਤੋਂ ਜਨਤਾ ਦੇ ਪ੍ਰਤੀਰੋਧ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਲੋਕ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧੀਨਿਯਮ ਨੂੰ ਰੱਦ ਕਰਨਾ ਚਾਹੁੰਦੇ ਹਨ, ਰਾਜ ਵੱਲੋਂ ਸਮਰਥਤ ਸਾਰੇ ਅੱਤਵਾਦੀ ਗਰੋਹਾਂ ਨੂੰ ਖਤਮ ਕਰਨਾ ਚਾਹੁੰਦੇ ਹਨ ਤੇ ਅਪਰਾਧੀਆਂ ਨੂੰ ਸਜ਼ਾ ਦੇਣਾ ਚਾਹੁੰਦੇ ਹਨ। ■



मजदूर वर्ग की आवाज़

मजदूर एकता लहर

(पाक्षिक)

वार्षिक शुल्क 50 रुपये
कृपया मनीआर्डर निम्न पते पर भेजिये:
श्री चन्द्रभान, ई–392, संजय कालोनी, ओखला फेस–2, नई दिल्ली – 110020, फोन 09868721375



ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ
ਦੀ ਕੇਂਦਰੀ ਕਮੇਟੀ ਦਾ ਅਖਬਾਰ

ਲੋਕ-ਅਵਾਜ਼

(ਮਾਸਿਕ)

ਸਹਾਇਤਾ ਰਾਸ਼ੀ-5 ਰੁ: ਸਲਾਨਾ 100 ਰੁ:
ਮਨੀ ਆਡਰ ਭੇਜਣ ਲਈ ਪਤਾ:
ਚੰਦਰਭਾਨ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊ-ਟਰਜ਼, ਈ-392 ਸੰਜੇ ਕਲੋਨੀ, ਓਖਲਾ ਫੇਜ਼ 2,
ਨਵੀਂ ਦਿਲੀ 110020

# ਮਨੀਪੁਰ 'ਚ ਸਰਕਾਰੀ ਅੱਤਵਾਦ ਖਿਲਾਫ਼ ਦਿੱਲੀ 'ਚ ਪ੍ਰਦਰਸ਼ਨ




50 ਤੋਂ ਵੀ ਜ਼ਿਆਦਾ ਜਨਤਕ ਜਥੇਬੰਦੀਆਂ ਦੇ ਵਿਦਿਆਰਥੀਆਂ, ਬੁੱਧੀਜੀਵੀਆਂ ਤੇ ਕਾਰਕੁੰਨਾਂ ਨੇ ਮਨੀਪੁਰ 'ਚ ਸਰਕਾਰੀ ਅੱਤਵਾਦ ਖਿਲਾਫ਼, 4 ਅਗਸਤ ਨੂੰ ਸਰਦਾਰ ਪਟੇਲ ਮਾਰਗ 'ਤੇ ਸਥਿਤ ਮਨੀਪੁਰ ਹਾਊਸ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਉਹ 23 ਜੁਲਾਈ ਨੂੰ ਮਨੀਪੁਰ 'ਚ ਇਕ ਨੌਜਵਾਨ ਦੇ ਝੂਠੇ 'ਮੁਕਾਬਲੇ' 'ਚ ਮਾਰੇ ਜਾਣ ਖਿਲਾਫ਼ ਪ੍ਰਦਰਸ਼ਨ ਕਰ ਰਹੇ ਸਨ। ਇਸ ਮੁਕਾਬਲੇ 'ਚ ਨੌਜਵਾਨ ਦੇ ਨਾਲ ਇਕ ਔਰਤ ਦੀ ਮੌਤ ਹੋ ਗਈ ਤੇ ਹੋਰ ਕਈ ਲੋਕ ਜ਼ਖ਼ਮੀ ਹੋਏ। ਪ੍ਰਦਰਸ਼ਨ ਦਾ ਆਯੋਜਨ ਮਨੀਪੁਰ ਸਟੂਡੈਂਟਸ ਐਸੋਸੀਏਸ਼ਨ-ਦਿੱਲੀ ਤੇ ਕਈ ਹੋਰ ਜਨਤਕ ਜਥੇਬੰਦੀਆਂ ਵੱਲੋਂ ਕੀਤਾ ਗਿਆ ਸੀ।

"ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਅਧੀਨਿਯਮ ਮੁਰਦਾਬਾਦ!", "ਮਨੀਪੁਰ ਪੁਲਿਸ ਮੁਰਦਾਬਾਦ!" "ਇਬੋਬੀ ਸਿੰਘ ਦੀ ਸਰਕਾਰ ਮੁਰਦਾਬਾਦ!", "ਗੁਨਾਹਗਾਰਾਂ ਨੂੰ ਸਜ਼ਾ ਦਿਓ!" ਤੇ "ਸਰਕਾਰੀ ਅੱਤਵਾਦ ਦੇ ਖਿਲਾਫ਼ ਲੋਕਾਂ ਦਾ ਸੰਘਰਸ਼ ਜ਼ਿੰਦਾਬਾਦ!" ਆਦਿ ਨਾਅਰਿਆਂ ਨਾਲ ਸਾਰਾ ਇਲਾਕਾ ਗੂੰਜ ਉੱਠਿਆ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਲੋਕ ਰਾਜ ਸੰਗਠਨ (ਦਿੱਲੀ) ਦੇ ਆਗੂ ਬਿਰਜੂ ਨਾਇਕ ਨੇ ਮਨੀਪੁਰ 'ਚ ਸਰਕਾਰੀ ਅੱਤਵਾਦ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਮਨੀਪੁਰ ਦੇ ਲੋਕਾਂ ਦੀ ਮੰਗ ਦਾ ਸਮਰਥਨ ਕੀਤਾ ਕਿ ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਅਧੀਨਿਯਮ ਨੂੰ ਤੁਰੰਤ ਰੱਦ ਕੀਤਾ ਜਾਵੇ ਤੇ ਫੌਜ ਨੂੰ ਬੈਰਕਾਂ 'ਚ ਵਾਪਿਸ ਭੇਜਿਆ ਜਾਵੇ। ਲੋਕ ਰਾਜ ਸੰਗਠਨ ਇਸ ਮੰਗ ਦਾ ਹਮੇਸ਼ਾ ਤੋਂ ਸਮਰਥਨ ਕਰਦਾ ਆਇਆ ਹੈ। ਹਾਲ ਹੀ 'ਚ 23 ਜੁਲਾਈ ਨੂੰ ਹੋਏ ਇਕ ਘਟਨਾ ਲਈ ਮਨੀਪੁਰ ਪੁਲਿਸ ਦੀ ਨਿੰਦਿਆ ਕਰਦੇ ਹੋਏ ਉਨ੍ਹਾਂ ਨੇ ਗੁਨਾਹਗਾਰਾਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ।

ਬਿਰਜੂ ਨਾਇਕ ਨੇ ਕਿਹਾ ਕਿ ਸਰਕਾਰੀ ਅੱਤਵਾਦ ਸਾਡੇ ਹੁਕਮਰਾਨ ਵਰਗ ਦਾ ਮਨਪਸੰਦ ਹਥਿਆਰ ਹੈ ਜਿਸਦਾ ਇਸਤੇਮਾਲ ਉਹ ਸਿਰਫ਼ ਮਨੀਪੁਰ 'ਚ ਹੀ ਨਹੀਂ ਬਲਕਿ ਪੂਰੇ ਹਿੰਦੁਸਤਾਨ 'ਚ ਲੋਕਾਂ ਨੂੰ ਅੱਡੋ-ਫਾੜ ਕਰਨ ਲਈ ਕਰਦਾ ਹੈ। 1984 'ਚ ਸਿੱਖਾਂ ਦਾ ਕਤਲੇਆਮ, 2002 'ਚ ਗੁਜਰਾਤ 'ਚ ਰਾਜ ਵੱਲੋਂ ਕਰਵਾਇਆ ਮੁਸਲਮਾਨਾਂ ਦਾ ਘਾਣ ਤੇ ਹੋਰ ਕਈ ਕਤਲੇਆਮ ਤੇ ਝੂਠੇ ਮੁਕਾਬਲਿਆਂ ਦਾ ਹਵਾਲਾ ਦਿੰਦੇ ਹੋਏ, ਜਿਸ ਨੂੰ ਰਾਜ ਵੱਲੋਂ ਕਰਵਾਇਆ ਗਿਆ ਸੀ, ਉਨ੍ਹਾਂ ਨੇ ਕਿਹਾ ਕਿ ਇਸ ਦੇ ਖਿਲਾਫ਼ ਸਾਨੂੰ ਆਪਣੀ ਏਕਤਾ ਬਨਾਉਣੀ ਹੋਵੇਗੀ ਤੇ ਇਹ ਮੰਗ ਕਰਨੀ ਹੋਵੇਗੀ ਕਿ ਗੁਨਾਹਗਾਰਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤੇ ਰਾਜਨੀਤਕ ਸੱਤਾ ਲੋਕਾਂ ਦੇ ਹੱਥਾਂ 'ਚ ਹੋਣੀ ਚਾਹੀਦੀ ਹੈ।

ਪ੍ਰਦਰਸ਼ਨ ਦੇ ਅਖੀਰ 'ਚ ਮਨੀਪੁਰ ਦੇ ਮੁੱਖ ਮੰਤਰੀ ਦੇ ਨਾਂਅ ਇੱਕ ਮੰਗਪੱਤਰ ਰੈਜ਼ੀਡੈਂਟ ਕਮਿਸ਼ਨਰ ਨੂੰ ਦਿੱਤਾ ਗਿਆ। ਮੰਗਪੱਤਰ 'ਚ ਇਹ ਮੰਗ ਕੀਤੀ ਗਈ ਕਿ ਘਟਨਾ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤੇ ਆਪਣੇ ਰਾਜ ਦੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ 'ਚ ਨਾਕਾਮਯਾਬੀ ਦੇ ਲਈ ਮੁੱਖ ਮੰਤਰੀ ਅਸਤੀਫਾ ਦੇਣਾ ਚਾਹੀਦਾ ਹੈ।

ਨਗਾ ਪੀਪੁਲਜ਼ ਮੂਵਮੈਂਟ ਫ਼ਾਰ ਹਿਊਮਨ ਰਾਈਟਸ, ਐਚ. ਐਮ. ਏ. ਆਰ. ਸਟੂਡੈਂਟਸ ਐਸੋਸੀਏਸ਼ਨ, ਨਗਾ ਸਟੂਡੈਂਟਸ ਯੂਨੀਅਨ ਦਿੱਲੀ, ਪੀਸ ਐਂਡ ਡਿਵੈਲਪਮੈਂਟ ਮਨੀਪੁਰ, ਪੀ. ਡੀ. ਐਸ. ਯੂ., ਐਮ. ਐਸ. ਏ. ਡੀ., ਨਾਰਥ ਈਸਟ ਸਪੋਰਟ ਸੈਂਟਰ, ਪੀ. ਯੂ. ਡੀ. ਆਰ. ਤੋਂ ਇਲਾਵਾ ਕਈ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕੀਤਾ। ■



# ਆਪਣੇ ਗੌਰਵ ਤੇ ਹਮਲੇ ਦੇ ਖ਼ਿਲਾਫ ਆਈ.ਆਈ.ਟੀ. ਅਤੇ ਆਈ.ਆਈ.ਐਮ. ਦੇ ਅਧਿਆਪਕਾਂ ਨੇ ਵਿਦਰੋਹ ਦਾ ਝੰਡਾ ਬੁਲੰਦ ਕੀਤਾ

ਦੇਸ਼ ਭਰ ਦੀਆਂ ਆਈ.ਆਈ.ਟੀ. ਅਤੇ ਆਈ.ਆਈ.ਐਮ. ਵਿੱਦਿਅਕ ਸੰਸਥਾਵਾਂ ਦੇ ਅਧਿਆਪਕ, ਸਰਕਾਰ ਵਲੋਂ ਘੋਸ਼ਿਤ ਕੀਤੇ ਗਏ ਨਵੇਂ ਤਨਖਾਹ ਸਕੇਲਾਂ ਦਾ ਵਿਰੋਧ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਸਰਕਾਰ ਦੀ ਇਹ ਨੀਤੀ, ਦੇਸ਼ ਅੰਦਰ ਉੱਚ ਸਿੱਖਿਆ ਦੀਆਂ ਇਨ੍ਹਾਂ ਆਲੀਸ਼ਾਨ ਸੰਸਥਾਵਾਂ ਨੂੰ ਤੇਜ਼ੀ ਨਾਲ ਨਿਘਾਰ ਦੀ ਤਰਫ਼ ਲੈ ਜਾਵੇਗੀ।

ਇਨ੍ਹਾਂ ਸੰਸਥਾਨਾਂ ਅਤੇ ਨੈਸ਼ਨਲ ਇੰਸਟੀਟਯੂਟ ਆਫ ਟੈਕਨਾਲੋਜ਼ੀ, ਇੰਡੀਅਨ ਇੰਸਟੀਟਯੂਟ ਆਫ ਇਨਫਰਮੇਸ਼ਨ ਟੈਕਨਾਲੋਜ਼ੀ ਤੇ ਇੰਡੀਅਨ ਸਕੂਲ ਆਫ ਮਾਈਨਜ਼ (ਧਨਵਾਦ) ਵਰਗੇ ਹੋਰ ਮੋਹਰੀ ਸੰਸਥਾਨਾਂ ਵਿੱਚ ਹਜਾਰਾਂ ਹੀ ਅਧਿਆਪਕਾਂ ਨੇ ਧਰਨੇ, ਸਮੂਹਿਕ ਛੁੱਟੀ, ਵਿਰੋਧ ਪ੍ਰਦਰਸ਼ਨ, ਆਦਿ ਵਰਗੇ ਪ੍ਰੋਗਰਾਮ ਜਥੇਬੰਦ ਕਰਨੇ ਸ਼ੁਰੂ ਕਰ ਦਿੱਤੇ ਹਨ।

ਗੌਰਤਲਬ ਹੈ ਕਿ 20 ਅਗਸਤ 2009 ਨੂੰ ਜਾਰੀ ਕੀਤੀ ਗਈ ਸਰਕਾਰੀ ਸੂਚਨਾ ਮੁਤਾਬਕ, ਸਰਕਾਰ ਨੇ ਇਨ੍ਹਾਂ ਸੰਸਥਾਨਾਂ ਦੇ ਪ੍ਰਬੰਧਕਾਂ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਸੰਸਥਾਨਾਂ ਵਿੱਚ ਅਧਿਆਪਕਾਂ ਦੀਆਂ 20 ਤੋਂ 30 ਪ੍ਰਤੀਸ਼ਤ ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਸੰਸਥਾਨਾਂ ਨੂੰ ਉਚ-ਦਰਜ਼ੇ ਦੇ ਬਣਾਈ ਰੱਖਣ ਅਤੇ ਅਧਿਆਪਕਾਂ ਦੀ ਥੁੜ੍ਹੋਂ ਨੂੰ ਪੂਰੀ ਕਰਨ ਲਈ, ਨਵੇਂ ਤਨਖਾਹ ਸਕੇਲਾਂ ਦੀ ਸਿਫਾਰਿਸ਼ ਕਰਨ ਦੇ ਉਦੇਸ਼ ਨਾਲ ਬਿਠਾਈ ਗਈ, ਗੋਵਰਧਨ ਮੇਹਤਾ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਵੀ ਸਰਕਾਰ ਨੇ ਨਹੀਂ ਮੰਨਿਆਂ। ਇਨ੍ਹਾਂ ਸੰਸਥਾਨਾਂ ਦੇ ਅਧਿਆਪਕ, ਜੋ ਇੱਕ ਸਾਲ ਤੋਂ ਵੀ




ਜ਼ਿਆਦਾ ਸਮੇਂ ਤੋਂ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਮਿਲਣ ਵਾਲੇ ਲਾਭਾਂ ਦਾ ਇੰਤਜ਼ਾਰ ਕਰ ਸਨ, ਸਰਕਾਰ ਦੀ ਇਸ ਕਾਰਵਾਈ ਨੂੰ ਜ਼ਖਮਾਂ ਤੇ ਲੂਣ ਮਲਣ ਵਾਲੀ ਕਹਿ ਰਹੇ ਹਨ, ਅਤੇ ਇਹਨੂੰ ਆਪਣੇ ਗੌਰਵ ਤੇ ਇੱਕ ਹਮਲਾ ਮੰਨਦੇ ਹਨ।

ਖੜਗਪੁਰ ਅਤੇ ਚੈਨਈ ਵਿੱਚ ਆਈ. ਆਈ.ਟੀ. ਦੇ ਅਧਿਆਪਕ 21 ਅਗਸਤ ਤੋਂ ਸਮੂਹਕ ਛੁੱਟੀ ਤੇ ਗਏ। ਮੁੰਬਈ ਆਈ. ਆਈ.ਟੀ. ਦੇ ਅਧਿਆਪਕਾਂ ਨੇ 24 ਅਗਸਤ ਨੂੰ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਦਿੱਲੀ ਆਈ.ਆਈ.ਟੀ. 'ਚ 25 ਅਗਸਤ ਨੂੰ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਕੋਲਕਾਤਾ ਦਾ ਆਈ.ਆਈ.ਐਮ. ਭੀ ਸੰਘਰਸ਼ 'ਚ ਸ਼ਾਮਲ ਹੋ ਗਿਆ ਹੈ। ਬਾਕੀ ਸਾਰੇ ਆਈ. ਆਈ.ਐਮ., ਐਨ.ਆਈ.ਟੀ., ਆਈ. ਆਈ.ਆਈ.ਟੀ. ਦੇ ਅਧਿਆਪਕ ਵੀ ਸੰਘਰਸ਼ 'ਚ ਸ਼ਾਮਲ ਹੋਣ ਦੀਆਂ ਯੋਜਨਾਵਾਂ ਬਣਾ ਰਹੇ ਹਨ।

ਸੰਘਰਸ਼ ਕਰ ਰਹੇ ਅਧਿਆਪਕਾਂ ਦਾ ਕਹਿਣਾ ਹੈ ਕਿ ਨਵੀਂ ਨੋਟੀਫਕੇਸ਼ਨ, ਮੌਜੂਦਾ ਅਮਲੇ 'ਚ ਅਸੰਤੋਸ਼ ਫੈਲਾਉਣ ਤੋਂ ਇਲਾਵਾ ਨਵੇਂ ਨੌਜਵਾਨ ਅਧਿਆਪਕਾਂ ਨੂੰ ਵੀ ਇਨ੍ਹਾਂ ਸੰਸਥਾਨਾਂ ਤੋਂ ਦੂਰ ਰਹਿਣ ਲਈ ਹੀ ਪ੍ਰੇਰੇਗੀ। ਉਨ੍ਹਾਂ ਦੇ ਮੁਤਾਬਕ ਸਰਕਾਰ ਅਜੇਹਾ ਵੱਡੇ ਸਰਮਾਏਦਾਰਾਂ ਦੇ ਵਿਚਾਰਕਾਂ ਦੇ ਸੁਝਾਵਾਂ ਤੇ ਕਰ ਰਹੀ ਹੈ। ਇਨ੍ਹਾਂ ਸੁਝਾਵਾਂ 'ਚ ਇੱਕ ਹੀ ਰਟ ਹੈ ਕਿ ਬਜ਼ਾਰ (ਜਾਣੀ ਕਿ ਸਰਮਾਏਦਾਰਾਂ ਦੇ ਹਿੱਤ) ਹੀ ਸਿੱਖਿਆ 'ਚ ਨਿਵੇਸ਼ ਨੂੰ ਨਿਰਧਾਰਤ ਕਰਨਗੇ। ਸਰਮਾਏਦਾਰਾਂ ਦੀ ਮੰਗ ਹੈ ਕਿ ਸਿੱਖਿਆ ਸਿਰਫ ਮੁਨਾਫੇ ਕਮਾਉਣ ਵਾਲਾ ਧੰਦਾ ਹੋਵੇ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਸਰਮਾਏਦਾਰਾਂ ਦੇ ਮੁਨਾਫਿਆਂ ਤੇ ਨਿਰਭਰ ਹੋਣ। ਇਸ ਵਿਵਸਥਾ ਅੰਦਰ ਲੋਕਾਂ ਦੇ ਹਿੱਤ ਤੋਂ ਪ੍ਰੇਰਿਤ ਸਿੱਖਿਆ ਲਈ ਕੋਈ ਜਗ੍ਹਾ ਨਹੀਂ ਹੈ। ■

# ਰਾਸ਼ਟਰ-ਮੰਡਲ ਖੇਡਾਂ ਲਈ ਚਲ ਰਹੀ ਉਸਾਰੀ ਵਾਲੀਆਂ ਥਾਵਾਂ ਤੇ ਕੰਮ ਕਰਨ ਵਾਲੇ ਮਜਦੂਰ ਸੱਭ ਅਧਿਕਾਰਾਂ ਤੋਂ ਸੱਖਣੇ ਹਨ

ਦਿੱਲੀ ਵਿੱਚ ਅਕਤੂਬਰ 2010 ਨੂੰ ਹੋਣ ਵਾਲੀਆਂ ਰਾਸ਼ਟਰ ਮੰਡਲ ਖੇਡਾਂ ਲਈ ਚਲ ਰਹੀ ਉਸਾਰੀ ਵਾਲੀਆਂ ਥਾਵਾਂ ਤੇ ਕਿਸ ਤਰ੍ਹਾਂ ਮਜਦੂਰਾਂ ਦੀ ਲੁੱਟ ਹੋ ਰਹੀ ਹੈ, ਕਿਸ ਤਰ੍ਹਾਂ ਉਨ੍ਹਾਂ ਦੇ ਸਭ ਹੱਕਾਂ ਦਾ ਉਲੰਘਣ ਹੋ ਰਿਹਾ ਹੈ, ਇਸ ਬਾਰੇ ਪਿੱਛੇ ਜਿਹੇ ਏਟਕ ਵਲੋਂ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਦਾ ਹੈ।

ਗੌਰਤਲਬ ਹੈ ਕਿ ਇਨ੍ਹਾਂ ਉਸਾਰੀ ਕੰਮਾਂ ਦੀ ਜਿਮੇਵਾਰੀ ਸਰਕਾਰੀ ਸੰਸਥਾਵਾਂ, ਜਿਵੇਂ ਕਿ ਸੀ.ਪੀ. ਡਬਲਯੂ.ਡੀ., ਡੀ.ਡੀ.ਏ., ਐਨ.ਡੀ.ਐਮ.ਸੀ. ਅਤੇ ਐਮ.ਸੀ.ਡੀ. ਨੂੰ ਦਿੱਤੀ ਗਈ ਸੀ। ਪਰ ਇਨ੍ਹਾਂ ਨੇ ਇਹ ਕੰਮ ਨਿੱਜੀ ਬਹੁ-ਰਾਸ਼ਟਰੀ ਕੰਪਣੀਆਂ ਜਿਵੇਂ ਕਿ ਏਮਾਰ- ਐਮ.ਜੀ.ਐਫ., ਇੰਫ੍ਰਾ ਇੰਜਨੀਰਿੰਗ, ਸਿੰਪਲੈਕਸ, ਡੀ.ਐਲ.ਐਫ. ਆਦਿ ਨੂੰ ਸੌਂਪ ਦਿੱਤਾ ਹੈ। ਅਤੇ ਇਨ੍ਹਾਂ ਵੱਡੀਆਂ ਕੰਪਣੀਆਂ ਨੇ ਇਹ ਕੰਮ ਅੱਗੇ ਹੋਰ ਛੋਟੀਆਂ-ਛੋਟੀਆਂ ਕੰਪਣੀਆਂ ਨੂੰ ਠੇਕੇ ਤੇ ਦਿੱਤਾ ਹੈ, ਜੋ ਅੱਗੇ ਹੋਰ ਠੇਕੇਦਾਰਾਂ ਨੂੰ ਮਜਦੂਰ ਸਪਲਾਈ ਕਰਨ ਦਾ ਠੇਕਾ ਦਿੰਦੀਆਂ ਹਨ।

ਜ਼ਿਆਦਾਤਰ ਠੇਕਾ ਮਜਦੂਰ ਬਿਹਾਰ, ਝਾਰਖੰਡ, ਉੜੀਸਾ, ਮੱਧ ਪ੍ਰਦੇਸ਼, ਪੂਰਬੀ ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤੋਂ ਆਏ ਹਨ। ਇਨ੍ਹਾਂ ਨੂੰ ਨਾ ਤਾਂ ਨਿਯੂਨਤਮ ਮਜਦੂਰੀ ਦਿੱਤੀ ਜਾਂਦੀ ਹੈ ਅਤੇ ਨਾ ਹੀ ਓਵਰਟਾਈਮ ਦੇ ਪੈਸੇ ਦਿੱਤੇ ਜਾਂਦੇ ਹਨ। 8 ਘੰਟੇ ਦੀ ਮਜਦੂਰੀ ਲਈ ਅਕੁਸ਼ਲ ਮਜਦੂਰ ਨੂੰ 80 ਤੋਂ 100 ਰੁਪਏ ਦਿੱਤੇ ਜਾਂਦੇ ਹਨ, ਜਦਕਿ ਕਨੂੰਨ ਦੇ ਮੁਤਾਬਕ ਨਿਯੂਨਤਮ ਮਜਦੂਰੀ 142 ਰੁਪਏ ਹੈ। 12 ਘੰਟਿਆਂ ਲਈ ਉਨ੍ਹਾਂ ਨੂੰ 134 ਤੋਂ 150 ਰੁਪਏ ਦਿੱਤੇ ਜਾਂਦੇ ਹਨ, ਜਦਕਿ ਅਸਲ 'ਚ ਉਨ੍ਹਾਂ ਦੇ 284 ਰੁਪਏ ਬਣਦੇ ਹਨ। ਵਾਧੂ ਘੰਟੇ ਕੰਮ ਕਰਨ ਲਈ ਉਨ੍ਹਾਂ ਨੂੰ ਕੋਈ ਓਵਰਟਾਈਮ ਨਹੀਂ ਦਿੱਤਾ ਜਾਂਦਾ। ਇਹ ਸੱਭ ਲੇਬਰ ਕਨੂੰਨਾਂ ਦਾ ਸਰਾਸਰ ਉਲੰਘਣ ਹੈ, ਜਿਵੇਂ ਕਿ ਨਿਯੂਨਤਮ ਤਨਖਾਹ ਕਨੂੰਨ, ਅੰਤਰ-ਰਾਜ ਪ੍ਰਵਾਸੀ ਮਜਦੂਰ ਐਕਟ, ਆਦਿ। ਇਹ 1982 ਵਿੱਚ ਏਸ਼ੀਆਈ ਖੇਡਾਂ ਦੇ ਵਕਤ ਸੁਪਰੀਮ ਕੋਰਟ ਵਲੋਂ ਸੁਣਾਏ ਗਏ ਫੈਸਲੇ ਦਾ ਵੀ ਸਰਾਸਰ ਉਲੰਘਣ ਹੈ।

ਇਨ੍ਹਾਂ ਮਜਦੂਰਾਂ ਤੋਂ ਬਿਨਾਂ ਛੁੱਟੀ ਹਫਤੇ ਵਿੱਚ ਸੱਤੇ ਦਿਨ ਕੰਮ ਕਰਵਾਇਆ ਜਾਂਦਾ ਹੈ। ਇਹ

**ਹਿੰਦੋਸਤਾਨ ਦੀ ਹਾਕਮ ਜਮਾਤ, ਦੁਨੀਆਂ ਵਿੱਚ ਇੱਕ ਵੱਡੀ ਤਾਕਤ ਬਣਕੇ ਉਭਰਨ ਲਈ ਯਤਨਸ਼ੀਲ ਹੈ। ਉਹ ਇਨ੍ਹਾਂ ਰਾਸ਼ਟਰ ਮੰਡਲ ਖੇਡਾਂ ਨੂੰ "ਰਾਸ਼ਟਰੀ ਸਨਮਾਨ" ਦਾ ਮੁੱਦਾ ਬਣਾਕੇ ਪੇਸ਼ ਕਰ ਰਹੀ ਹੈ। ਲੇਕਿਨ ਰਾਜਧਾਨੀ ਦੇ ਐਨ ਕੇਂਦਰ ਵਿੱਚ ਮਜਦੂਰਾਂ ਦੀ ਇਹ ਦੁਰਦਸ਼ਾ ਸਾਫ ਤੌਰ ਤੇ ਦਿਖਾ ਰਹੀ ਹੈ ਦਾ ਇਹ ਮਨਸੂਬਾ, ਦਰਅਸਲ, ਹਿੰਦੋਸਤਾਨ ਦੇ ਮਜਦੂਰਾਂ ਦੀ ਅਤਿ-ਦਰਜ਼ੇ ਦੀ ਲੁੱਟ ਕਰਕੇ ਹੀ ਪੂਰਾ ਕੀਤਾ ਜਾ ਰਿਹਾ ਹੈ।**

ਦਿੱਲੀ ਬਿਲਡਿੰਗ ਐਂਡ ਅਦਰ ਕਨਸਟ੍ਰਕਸ਼ਨ ਵਰਕਰਸ ਨਿਯਮਾਂ ਅਤੇ ਨਿਯੂਨਤਮ ਤਨਖਾਹ ਕਨੂੰਨ ਦੇ ਵੀ ਉਲਟ ਹੈ, ਜਿਸਦੇ ਮੁਤਾਬਿਕ ਮਜਦੂਰਾਂ ਨੂੰ ਹਫਤੇ ਵਿੱਚ ਇੱਕ ਦਿਨ ਛੁੱਟੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਅਗਰ ਛੁੱਟੀ ਦੇ ਦਿਨ ਵੀ ਕੰਮ ਲਿਆ ਜਾਂਦਾ ਹੈ ਤਾਂ ਦੁੱਗਣੀ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ।

ਨਾਲ ਹੀ, ਠੇਕਾ ਮਜਦੂਰੀ ਕਨੂੰਨ ਦਾ ਸ਼ਰੇਆਮ ਉਲੰਘਣ ਕੀਤਾ ਜਾ ਰਿਹਾ ਹੈ; ਇਨ੍ਹਾਂ ਮਜਦੂਰਾਂ ਨੂੰ ਕੋਈ ਸ਼ਨਾਖਤ ਪੱਤਰ ਜਾਂ ਪਾਸ ਬੁੱਕ ਜਾਂ ਨੌਕਰੀ ਦਾ ਕੋਈ ਵੀ ਹੋਰ ਸਬੂਤ ਨਹੀਂ ਦਿੱਤਾ ਜਾਂਦਾ।

ਅਧਿਕਤਰ ਠੇਕਾ ਮਜਦੂਰਾਂ ਨੂੰ ਨਿਯਮਤ ਤੌਰ ਤੇ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਤਨਖਾਹ ਦਾ ਵੱਡਾ ਹਿੱਸਾ ਠੇਕੇਦਾਰਾਂ ਕੋਲ ਹੀ ਪਿਆ ਰਹਿੰਦਾ ਹੈ। ਕਈ ਮਾਮਲਿਆਂ ਵਿੱਚ ਠੇਕੇਦਾਰ ਤਨਖਾਹ ਦਾ ਵੱਡਾ ਹਿੱਸਾ ਆਪਣੇ ਕੋਲ ਰੱਖ ਲੈਂਦਾ ਹੈ ਅਤੇ ਸਿਰਫ ਵਾਦਾ ਕਰਦਾ ਹੈ ਕਿ ਇਹ ਰਕਮ ਮਜਦੂਰਾਂ ਦੇ ਪ੍ਰੀਵਾਰਾਂ ਨੂੰ ਉਨ੍ਹਾਂ ਦੇ ਪਿੰਡ ਪਹੁੰਚਾ ਦਿੱਤੀ ਜਾਵੇਗੀ। ਕਿਉਂਕਿ ਮਜਦੂਰਾਂ ਕੋਲ ਆਪਣੀ ਨੌਕਰੀ ਦਾ ਕੋਈ ਸਬੂਤ ਨਹੀਂ ਹੁੰਦਾ, ਇਸ ਗੱਲ ਦਾ ਸ਼ੰਕਾ ਰਹਿੰਦਾ ਹੈ ਕਿ ਕੰਮ ਖਤਮ ਹੋਣ ਤੇ ਉਨ੍ਹਾਂ ਦਾ ਪੂਰਾ ਪੈਸਾ ਉਨ੍ਹਾਂ ਨੂੰ ਮਿਲੇਗਾ ਵੀ ਜਾਂ ਨਹੀਂ। ਕੰਮ ਕਰਵਾਉਣ ਵਾਲੇ ਮੂਲ ਮਾਲਕ, ਜਾਣੀ ਡੀ.ਡੀ.ਏ., ਐਮ.ਸੀ.ਡੀ., ਆਦਿ ਦੇ ਪ੍ਰਤੀਨਿਧ, ਮਜਦੂਰਾਂ ਨੂੰ ਤਨਖਾਹ ਦਿੱਤੇ ਜਾਣ ਵਕਤ ਉਥੇ ਹਾਜ਼ਰ ਨਹੀਂ ਹੁੰਦੇ।

ਇਨ੍ਹਾਂ ਮਜਦੂਰਾਂ ਨੂੰ ਨਿਰਮਾਣ ਮਜਦੂਰ ਕਲਿਆਣ ਬੋਰਡ ਕੋਲ ਰਜਿਸਟਰ ਵੀ ਨਹੀਂ ਕਰਾਇਆ ਜਾਂਦਾ। ਡੀ.ਬੀ.ਸੀ.ਡਬਲਯੂ. ਦੇ ਨਿਯਮਾਂ ਅਨੁਸਾਰ ਹਰੇਕ ਠੇਕਾ ਕੰਪਣੀ ਨੂੰ ਪਰਿਯੋਜਨਾ ਦੀ ਕੁੱਲ ਲਾਗਤ ਦੀ 2 ਪ੍ਰਤੀਸ਼ਤ ਰਕਮ ਇਸ ਕਲਿਆਣ ਬੋਰਡ ਕੋਲ ਜਮ੍ਹਾ ਕਰਾਉਣੀ ਹੁੰਦੀ ਹੈ, ਜਿਸਦੀ ਵਰਤੋਂ ਬੀਮਾਰੀ ਜਾਂ ਦੁਰਘਟਨਾ ਜਾਂ ਮੌਤ ਦੀ ਹਾਲਤ ਵਿੱਚ ਸਹਾਇਤਾ ਦੇਣ ਲਈ ਕੀਤੀ ਜਾਣੀ ਹੁੰਦੀ ਹੈ। ਲੇਕਿਨ ਇਨ੍ਹਾਂ ਮਜਦੂਰਾਂ ਨੂੰ ਅਜੇਹੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਸੱਖਣੇ ਰੱਖਿਆ ਜਾ ਰਿਹਾ ਹੈ।

ਇਨ੍ਹਾਂ ਮਜਦੂਰਾਂ ਨੂੰ ਸੁੱਰਖਿਆ ਲਈ ਜਰੂਰੀ ਚੀਜ਼ਾਂ ਜਿਵੇਂ ਕਿ ਹੈਲਮੇਟ ਅਤੇ ਸੇਫਟੀ ਸ਼ੁਜ (ਜੁੱਤੀਆਂ) ਆਦਿ ਵੀ ਨਹੀਂ ਦਿੱਤੇ ਜਾਂਦੇ। ਉਸਾਰੀ ਸਥਾਨਾਂ ਤੇ ਕਈ ਹਾਦਸੇ ਹੋਏ ਹਨ ਜਿਨ੍ਹਾਂ ਨੂੰ ਉਸਾਰੀ ਕੰਪਣੀਆਂ ਨੇ ਦਬਾ ਦਿੱਤਾ ਹੈ। ਇਨ੍ਹਾਂ ਉਸਾਰੀ ਸਥਾਨਾਂ ਤੇ ਟ੍ਰੇਡ ਯੂਨੀਅਨ ਕਾਰਕੁੰਨਾ ਸਹਿਤ ਕਿਸੇ ਵੀ "ਬਾਹਰੀ ਆਦਮੀ" ਦੇ ਆਉਣ ਉਤੇ ਪਾਬੰਦੀ ਹੈ।

ਸਰਕਾਰ ਦੇ ਲੇਬਰ ਵਿਭਾਗ ਦੇ ਅਧਿਕਾਰੀ ਉਸਾਰੀ ਕੰਪਣੀਆਂ ਨਾਲ ਮਿਲੇ ਹੋਏ ਹਨ ਅਤੇ ਇਸ ਸਾਰੀ ਹਾਲਤ, ਕਨੂੰਨਾਂ ਦੇ ਇਸ ਸ਼ਰੇਆਮ ਉਲੰਘਣ ਨੂੰ ਨਜ਼ਰ-ਅੰਦਾਜ਼ ਕਰ ਰਹੇ ਹਨ। ਇਨ੍ਹਾਂ ਗਰੀਬ ਮਜਦੂਰਾਂ ਦੀ ਕਮਜ਼ੋਰੀ ਅਤੇ ਮਜਬੂਰੀ ਦਾ ਫਾਇਦਾ ਉਠਾਕੇ ਠੀਕ ਰਾਜਧਾਨੀ ਦਿੱਲੀ ਦੇ ਅੰਦਰ, ਕੇਂਦਰੀ ਅਤੇ ਰਾਜ ਸਰਕਾਰਾਂ ਦੀ ਨੱਕ ਦੇ ਠੀਕ ਥੱਲੇ, ਸਰਕਾਰੀ ਅਧਿਕਾਰੀ ਅਤੇ ਉਸਾਰੀ ਕੰਪਣੀਆਂ ਦੇ ਮਾਲਕ ਮਜਦੂਰਾਂ ਦੀ ਇਸ ਅਮਾਨਵੀ ਦਸ਼ਾ ਨੂੰ ਅੰਜ਼ਾਮ ਦੇ ਰਹੇ ਹਨ।

ਹਿੰਦੋਸਤਾਨ ਦੀ ਹਾਕਮ ਜਮਾਤ, ਦੁਨੀਆਂ ਵਿੱਚ ਇੱਕ ਵੱਡੀ ਤਾਕਤ ਬਣਕੇ ਉਭਰਨ ਲਈ ਯਤਨਸ਼ੀਲ ਹੈ। ਉਹ ਇਨ੍ਹਾਂ ਰਾਸ਼ਟਰ ਮੰਡਲ ਖੇਡਾਂ ਨੂੰ "ਰਾਸ਼ਟਰੀ ਸਨਮਾਨ" ਦਾ ਮੁੱਦਾ ਬਣਾਕੇ ਪੇਸ਼ ਕਰ ਰਹੀ ਹੈ। ਲੇਕਿਨ ਰਾਜਧਾਨੀ ਦੇ ਐਨ ਕੇਂਦਰ ਵਿੱਚ ਮਜਦੂਰਾਂ ਦੀ ਇਹ ਦੁਰਦਸ਼ਾ ਸਾਫ ਤੌਰ ਤੇ ਦਿਖਾ ਰਹੀ ਹੈ ਦਾ ਇਹ ਮਨਸੂਬਾ, ਦਰਅਸਲ, ਹਿੰਦੋਸਤਾਨ ਦੇ ਮਜਦੂਰਾਂ ਦੀ ਅਤਿ-ਦਰਜ਼ੇ ਦੀ ਲੁੱਟ ਕਰਕੇ ਹੀ ਪੂਰਾ ਕੀਤਾ ਜਾ ਰਿਹਾ ਹੈ। ■